ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥
ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

ਖ਼ਾਲਸਾ ਸਮਾਚਾਰ
Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੧੫ ਜਿਲਦ ੩੧ ੪-੧੦ਮਾਰਚ ੨੦੨੧, ੨੧-੨੭ ਫੱਗਣ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-
Issue 15 Volume 31, 4 - 10 March, 2021
Yearly Subscription India 250/-, Abroad 2500/- and Life Membership India 2500/-, Abroad 25000/-

ਕੌਮਾਂਤਰੀ ਮਹਿਲਾ ਦਿਵਸ: 8 ਮਾਰਚ

# ਸਤਿਵੰਤੀਆਂ ਜੋਗ ਸੰਦੇਸ਼

❖ ਭਾਈ ਸਾਹਿਬ ਭਾਈ ਵੀਰ ਸਿੰਘ

**ਇਸਤ੍ਰੀ ਸਤਸੰਗ ਸਭਾ ਵਲੋਂ ਕੁਆਲਾਲੰਪਰ (ਮਲਾਇਆ) ਵਿਚ 23-24 ਅਪ੍ਰੈਲ 1949 ਨੂੰ ਕਰਵਾਈ ਗਈ ਦੂਜੀ ਇਸਤ੍ਰੀ ਕਾਨਫ਼ਰੰਸ ਵਿਚ ਭਾਈ ਸਾਹਿਬ ਵਲੋਂ ਭੇਜਿਆ ਗਿਆ ਸੰਦੇਸ਼ ਪੱਤਰ।**

ਇਸਤਿਗੁਰੂ ਜੀ ਨੇ ਜਦ ਜਗਤ ਨੂੰ ਵਿਸ਼ਾਲ ਦ੍ਰਿਸ਼ਟੀ ਪਾਕੇ ਗਹੁ ਨਾਲ ਡਿੱਠਾ ਤਾਂ ਆਪ ਨੂੰ ਕੀਹ ਦਿਸਿਆ: 'ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ'। (ਵਾ: ਭਾ:ਗੁ-1/24) ਇਸ ਲਈ ਗੁਰੂ ਜੀ ਇਸ ਨੂੰ ਠੰਢ ਪਾਉਣ ਦੇ ਫ਼ਿਕਰ ਵਿਚ ਲਗੇ। ਗੁਰੂ ਬਾਬੇ ਨੇ ਦੁਨੀਆਂ ਦੇ ਦੁਖੀ ਹੋਣ ਦਾ, ਹਰ ਪ੍ਰਾਣੀ ਦੇ ਈਰਖਾ ਦ੍ਵੈਤ ਵਿਚ ਸੜਦੇ ਹੋਣ ਦਾ ਕਾਰਣ 'ਹਉਮੈ' ਨੂੰ ਸਹੀ ਕੀਤਾ। ਹਉਮੈ ਹਰ ਜੀਵ ਦੇ ਅੰਦਰ ਵਸਦੀ ਹੈ ਤੇ ਇਹ ਅਪਣੇ ਆਪ ਨੂੰ ਲੋਚਦੀ ਹੈ। ਇਹ ਮੋਟੀ ਹੋਕੇ ਜਦ ਵਰਤੋਂ ਵਿਚ ਆਉਂਦੀ ਹੈ ਤਾਂ ਖ਼ੁਦਗ਼ਰਜ਼ੀ ਦੀ ਸੂਰਤ ਪਕੜਦੀ ਹੈ। ਖ਼ੁਦਗ਼ਰਜ਼ੀ ਦੀ ਵਰਤੋਂ ਨਾਲ ਹਰ ਇਨਸਾਨ, ਚਾਹੇ ਮਰਦ ਹੋਵੇ ਚਾਹੇ ਤ੍ਰੀਮਤ, ਅਪਣਾ ਨਫ਼ਾ, ਅਪਣਾ ਸੁਖ ਚਾਹੁੰਦਾ ਹੈ ਤੇ ਕਰਦਾ ਹੈ। ਇਸ ਤੋਂ ਵਧਕੇ ਇਹ ਦੂਸਰਿਆਂ ਨੂੰ ਵਾਂਜਦਾ ਹੈ। ਫਿਰ ਖ਼ੁਦਗ਼ਰਜ਼ੀ ਹੋਰ ਵਧਦੀ ਹੈ ਤਾਂ ਦੂਜਿਆਂ ਦੀ ਹਾਨੀ ਕਰਕੇ ਬੀ ਅਪਣਾ ਨਫ਼ਾ ਕਢਦਾ ਹੈ। ਜਦੋਂ ਇਹ ਵਰਤੋਂ ਇਨਸਾਨ ਇਨਸਾਨ ਵਿਚ ਤੇ ਕੌਮ ਕੌਮ ਵਿਚ ਹੋ ਜਾਂਦੀ ਹੈ ਤਾਂ ਸੰਸਾਰ ਦਾ ਵਾਸਾ ਇਕ ਨਰਕ ਵਾਂਙੂ ਹੋ ਜਾਂਦਾ ਹੈ। ਜਗਤ ਵਿਚ ਜੋ ਇਸ ਵੇਲੇ ਦੁਖ ਤੇ ਪੀੜਾ ਹੈ ਇਸੇ ਦਾ ਫਲ ਹੈ।

ਗੁਰੂ ਬਾਬੇ ਨੇ ਫੇਰ ਨੀਂਹ ਰਖੀ 'ਸਰਬਤ ਦੇ ਭਲੇ' ਦੀ। ਮੱਤ ਦਿੱਤੀ ਕਿ ਭਾਈ ਇਸ ਅੰਦਰਲੀ ਹਉਮੈ ਨੂੰ ਕਾਬੂ ਕਰੋ ਪਰਮੇਸ਼ਰ ਦੇ ਪਿਆਰ ਨਾਲ। ਪਰਮੇਸ਼ਰ ਦੇ ਪਿਆਰ ਲਈ ਨਾਮ ਦੀ ਦਾਤ ਦਿਤੀ। ਨਾਲ ਬਾਣੀ ਰਚੀ ਤੇ ਬਾਣੀ ਵਿਚ ਉਚੇ ਆਦਰਸ਼ ਬੰਨ੍ਹ ਦਿੱਤੇ। ਪਹਿਲੀ ਮਤਿ ਬਾਣੀ ਵਿਚ ਇਹ ਦਿਤੀ।

**ਪਰ ਕਾ ਬੁਰਾ ਨ ਰਾਖਹੁ ਚੀਤ॥**
**ਤੁਮ ਕਉ ਦੁਖੁ ਨਹੀ ਭਾਈ ਮੀਤ॥** (੩੮੬)

ਇਹ ਸਾਧਾਰਣ ਨੇਕੀ ਸਿਖਾਈ, ਬਦੀ ਕਰਨੋ ਰੋਕਿਆ, ਦੁਗ਼ਰਜ਼ੀ ਘਟਾਈ। ਇਸ ਤੋਂ ਵਧਕੇ ਫੇਰ ਸੁਮਤਿ ਦਿਤੀ:-

**ਪਰਉਪਕਾਰੁ ਪੁੰਨੁ ਬਹੁ ਕੀਆ ਭਉ ਦੁਤਰੁ ਤਾਰਿ ਪਰਾਵੈ॥** (੧੭੧)

ਇਹ ਸਬਲ ਨੇਕੀ ਸਿਖਾਈ ਕਿ ਦੂਸਰੇ ਦਾ ਭਲਾ ਕਰੋ, ਪਰ ਦਾ ਉਪਕਾਰ ਕਰੋ, ਪੁੰਨ ਦਾ ਜੀਵਨ ਬਸਰ ਕਰੋ, ਤੁਸੀਂ ਭੈਜਲ ਸੰਸਾਰ ਨੂੰ ਤਰ ਜਾਓਗੇ। ਇਸ ਤੋਂ ਵਧਕੇ ਸੁਮਤਿ ਦਿਤੀ:-

**ਅਪਨਾ ਬਿਗਾਰਿ ਬਿਰਾਂਨਾ ਸਾਂਢੈ॥** (ਗੌਡ:ਰਵਿ, ਅੰਗ ੮੭੫)

ਕਿ ਦੂਸਰੇ ਦਾ ਕੰਮ ਸੁਆਰਨ ਲਈ, ਦੂਜੇ ਦਾ ਭਲਾ ਕਰਨ ਲਈ ਅਪਣਾ ਬੇਸ਼ਕ ਵਿਗਾੜ ਲਓ।

ਕਿਥੇ ਇਨਸਾਨ ਦੂਜੇ ਦਾ ਵਿਗਾੜਕੇ ਅਪਣਾ ਸੁਆਰਦਾ ਸੀ ਕਿਥੇ ਗੁਰੂ ਬਾਬਾ ਅਪਨੀ ਬਾਣੀ ਵਿਚ ਉਪਦੇਸ਼ ਦੇ ਦੇ ਕੇ ਤੇ ਨਾਮ ਅਭਯਾਸ ਨਾਲ ਮਨ ਨੂੰ ਨਿਰਮਲ ਕਰ ਕਰਕੇ ਅਪਣੇ ਸਿਖਾਂ ਨੂੰ ਪਰਾਏ ਭਲੇ ਵਿਚ ਅਪਣੀ ਹਾਨੀ ਕਰਨੋ ਬੀ ਸੰਕੋਚ ਨਾ ਕਰਨ ਦੀ ਅਮਲੀ ਵਰਤੋਂ ਵਿਚ ਲੈ ਗਿਆ, ਜਿਥੋਂ ਵਰਤੋਂ ਦੀ ਖ਼ੁਦਗ਼ਰਜ਼ੀ ਦੂਰ ਹੋ ਜਾਂਦੀ ਹੈ ਤੇ ਅੰਦਰ ਦੀ ਹਉਮੈ ਅਤਿ ਨਿਰਬਲ ਹੋ ਜਾਂਦੀ ਹੈ। ਐਸੇ ਗੁਰਸਿਖ ਦਾ ਫੇਰ ਅਪਣਾ ਜੀਵਨ ਰਸਮਈ ਹੋ ਜਾਂਦਾ ਹੈ, ਸੰਸਾਰ ਨੂੰ ਉਹ ਸੁਰਗ ਬਣਾ ਕਢਦਾ ਹੈ।

ਅੰਦਰ............

☐ ਅਜੋਕਾ ਮੀਡੀਆ ਤੇ ਔਰਤ 4
☐ ਰਿਪੋਰਟ: ਪ੍ਰੋ. ਪੂਰਨ ਸਿੰਘ... 6
☐ Woman, the Soul and the Transcendent 7
☐ 100 ਸਾਲ ਪਹਿਲਾਂ: ਨਨਕਾਣੇ ਸਾਹਿਬ ਦਾ ਮਹੰਤ... 10
☐ ਸ਼ਬਦ ਵਿਆਖਿਆ 11
☐ ਰਿਪੋਰਟ: ਸਾਕਾ ਨਨਕਾਣਾ ਸਾਹਿਬ ਬਾਰੇ ਲੈਕਚਰ 12

ਗੁਰੂ ਨਾਨਕ ਦੇਵ ਜੀ ਤੋਂ ਲੈਕੇ ਦਸਾਂ ਪਾਤਸ਼ਾਹੀਆਂ ਤਕ ਸਤਿਗੁਰਾਂ ਨੇ ਇਹ ਆਪਣਾ ਆਦਰਸ਼ ਸਿਰੇ ਚਾੜਿਆ ਕਿ ਨਾਮ ਸਿਮਰੋ ਜੋ ਅੰਦਰ ਨਿਰਮਲ ਹੋਵੇ; ਬਾਣੀ ਪੜ੍ਹੋ, ਗਾਵੋ, ਸੁਣੋ ਤੇ ਉਸਤੇ ਅਮਲ ਕਰੋ ਜੋ ਤੁਸਾਡੀ ਵਰਤੋਂ ਬੇਗ਼ਰਜ਼ੀ ਦੀ, ਪਰਉਪਕਾਰ ਦੀ ਤੇ ਸਰਬੱਤ ਦੇ ਭੱਲੇ ਕਰਨ ਦੀ ਹੋ ਜਾਵੇ। ਜੋ ਲੋਕ ਵਿਚ ਸੁਖ ਵਰਤੇ ਤੇ ਪਰਲੋਕ ਵਿਚ ਜਾਕੇ ਸੁਹੇਲੇ ਹੋਵੋ।

ਜਦ ਦਸਮੇ ਜਾਮੇ ਗੁਰੂ ਕਲਗੀਆਂ ਵਾਲੇ ਨੇ ਡਿੱਠਾ ਕਿ ਮੇਰੇ ਮਗਰੋਂ ਹੁਣ 'ਦੈਵੀ ਗੁਰੂ' ਦੇ ਆਉਣ ਦਾ ਸਿਲਸਿਲਾ ਬੰਦ ਹੋ ਜਾਣਾ ਹੈ ਤਦ ਆਪ ਅਪਣੇ ਆਦਰਸ਼ਾਂ ਦੇ ਪ੍ਰਚਾਰ ਲਈ ਤੇ ਜਗਤ ਜਲੰਦੇ ਨੂੰ ਠੰਢਾਂ ਦੇਣ ਦਾ ਆਪਣਾ ਕਾਰਜ ਜਾਰੀ ਰੱਖਣ ਲਈ ਖਾਲਸਾ ਸਾਜਿਆ। ਇਸ ਖਾਲਸੇ ਨੂੰ ਆਪ ਨੇ ਗੁਰੂ ਪਦਵੀ ਦਿਤੀ। ਪਰ ਹਰ ਖਾਲਸਾ ਜੀਵ ਸ਼੍ਰੇਣੀ ਵਿਚੋਂ ਹੋਣਾ ਸੀ ਇਸ ਕਰਕੇ ਖਾਲਸਾ ਪੰਥ ਨੂੰ ਗੁਰੂ ਥਾਪਿਆ ਤੇ ਉਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਕੀਤਾ। ਕਿਉਂ ਜੋ ਗੁਰੂ ਗ੍ਰੰਥ ਸਾਹਿਬ ਵਿਚ ਈਸ਼੍ਵਰੀਯ ਗਿਆਨ ਗੁਰੱਤ੍ਵ ਦਾ ਸਾਰਾ ਅਨੁਭਵ ਮੌਜੂਦ ਸੀ, ਤਾਕਿ ਖਾਲਸਾ ਸਦਾ ਗੁਰੂ ਕੀ ਰਹਨੁਮਾਈ ਵਿਚ ਟੁਰੇ।

ਹੁਣ ਜੋ ਖਾਲਸਾ ਹੈ - ਹਰੇਕ ਅੰਮ੍ਰਿਤਧਾਰੀ, ਉਹ ਗੁਰੂ ਖਾਲਸੇ ਦਾ ਇਕ ਅੰਗ ਹੈ। ਇਸ ਤਰ੍ਹਾਂ ਸਾਰੇ ਅੰਗ ਰਲਕੇ ਜੋ ਗੁਰੂ ਖਾਲਸਾ ਬਣਦਾ ਹੈ ਉਹ ਜਥੇਬੰਦੀ ਹੈ ਜੋ ਖਾਲਸਾ ਪੰਥ ਨੂੰ ਇਕ ਸਰੀਰ ਵਾਂਝੂ ਇਕ ਵਜੂਦ ਬਣਾਉਂਦੀ ਹੈ। ਉਹ ਵਜੂਦ ਐਉਂ ਜਥੇਬੰਦੀ ਹੈ ਜਿਵੇਂ ਇਕ ਸਰੀਰ ਵਿਚ ਅਨੇਕਾਂ ਅੰਗ ਜਥੇਬੰਦੀ ਹੋਕੇ ਇਕ ਸਰੀਰ ਬਣਦਾ ਹੈ ਤੇ ਉਹ ਇਕ ਸਰੀਰ ਹੋਕੇ ਕੰਮ ਕਰਦਾ ਹੈ।

ਇਸ ਖਾਲਸਾ ਪੰਥ ਵਿਚ ਸਤਿਗੁਰੂ ਨੇ ਨਿਰਾ ਮਰਦਾਂ ਨੂੰ ਹੀ ਨਹੀਂ ਲਿਆ ਜਿਵੇਂ ਬੁਧਿ ਜੀ ਨੇ ਅਪਣੇ ਸਮੇਂ ਅਪਣੇ ਸੰਘ (ਸਤਿਸੰਗ) ਵਿਚ ਕੇਵਲ ਮਰਦਾਂ ਨੂੰ ਹੀ ਲਿਆ ਸੀ। ਜਦੋਂ ਆਪ (ਸ੍ਰੀ ਬੁਧ ਜੀ) ਤੇ ਬਹੁਤ ਜ਼ੋਰ ਪਿਆ ਕਿ ਇਸਤ੍ਰੀਆਂ ਨੂੰ ਬੀ ਲਓ ਤਦ ਆਪ ਨੇ ਮਜਬੂਰ ਹੋਕੇ ਆਗਿਆ ਦਿਤੀ, ਪਰ ਬਚਨ ਕੀਤਾ ਕਿ 'ਸਾਡਾ ਮਤ, ਜੋ ਦਸ ਹਜ਼ਾਰ ਬਰਸ ਚੱਲਣਾ ਸੀ, ਹੁਣ ਪੰਜ ਸੌ ਬਰਸ ਚਲੇਗਾ।'

ਦਸਾਂ ਗੁਰੂ ਸਾਹਿਬਾਂ ਨੇ ਇਸਤ੍ਰੀ ਜਾਤੀ ਨਾਲ ਇਹ ਵਿਲੱਖਣਤਾ ਨਹੀਂ ਕੀਤੀ। ਆਪ ਨੇ ਧਰਮ ਕਰਮ ਵਿਚ ਇਸਤ੍ਰੀ ਨੂੰ ਪੂਰੀ ਦਾਤ ਬਖਸ਼ੀ।

ਹੁਣ ਸੋਚ ਦੀ ਬਾਤ ਇਹ ਹੈ ਕਿ ਗੁਰੂ ਖਾਲਸਾ ਪੰਥ ਵਿਚ ਇਸਤ੍ਰੀ ਨੇ ਕੀਹ ਕਰਨਾ ਹੈ?

ਗੁਰੂ ਸਾਹਿਬਾਂ ਨੇ ਜਦ ਇਸਤ੍ਰੀ ਨੂੰ ਧਰਮ ਕਰਮ ਵਿਚ ਸ਼ਾਮਲ ਕੀਤਾ, ਇਥੋਂ ਤਾਈ ਕਿ ਅੰਮ੍ਰਿਤ ਦੀ ਦਾਤ ਬੀ ਬਖਸ਼ੀ ਤਦ ਸਿੱਖ ਇਸਤ੍ਰੀ ਦਾ ਬੀ ਓਹੀ ਧਰਮ ਹੈ ਜੋ ਸਿਖ ਪੁਰਖ ਦਾ ਹੈ। ਸਿੱਖ ਇਸਤ੍ਰੀ ਨੇ ਆਪਣੀਆਂ ਅੱਖਾਂ ਅਗੇ ਓਹੀ ਆਦਰਸ਼ ਰੱਖਣਾ ਹੈ ਜੋ ਸਿੱਖ ਮਰਦ ਨੇ ਰੱਖਣਾ ਹੈ। ਉਹ ਆਦਰਸ਼ ਉਪਰ ਵਰਨਣ ਹੋ ਚੁਕਾ ਹੈ ਕਿ ਆਪ ਗੁਰੂ ਜੀ ਦੀ ਦੱਸੀ ਰਹਿਣੀ ਬਹਿਣੀ ਵਿਚ ਰਹਿਣਾ ਹੈ। ਨਾਮ ਨਾਲ ਹਿਰਦਾ ਸ਼ੁਧ ਕਰਨਾ ਤੇ ਅੰਤਰ ਆਤਮੇ ਪਰਮਾਤਮ ਦੇਵ - ਸ੍ਰੀ ਵਾਹਿਗੁਰੂ ਜੀ ਨੂੰ ਅਨੁਭਵ ਕਰਨਾ ਹੈ। ਇਸ ਅਨੁਭਵ ਨਾਲ ਅੰਦਰੋਂ ਹਉ ਘਟਣੀ ਹੈ ਤੇ ਆਤਮ-ਲੱਖਤਾ ਵਧਣੀ ਹੈ, ਸਿੱਖ ਇਸਤ੍ਰੀ ਨੇ ਫੇਰ ਅਪਣੇ ਗੁਰੂ ਵਾਂਙ ਕੀ ਦੇਖਣਾ ਹੈ?

**ਸਭ ਮਹਿ ਰਵਿ ਰਹਿਆ ਪ੍ਰਭੁ ਏਕੈ**
**ਪੇਖਿ ਪੇਖਿ ਨਾਨਕ ਬਿਗਸਾਈ॥** (ਅੰਗ ੧੨੯੯)

ਇਹ ਵੇਖਕੇ ਸਿਖ ਇਸਤ੍ਰੀ ਨੇ ਜਗਤ ਜਲੰਦੇ ਵਿਚ ਠੰਢ ਵਰਤਾਉਣੀ ਹੈ, ਇਸ ਨੂੰ ਨੇਕੀ ਦਾ, ਪਰਉਪਕਾਰ ਦਾ, ਖ਼ੁਦਗ਼ਰਜ਼ੀ ਤਿਆਗਣ ਦਾ ਉਪਦੇਸ਼ ਦੇਣਾ ਹੈ, ਨਾ ਨਿਰਾ ਬਚਨਾਂ ਨਾਲ, ਸਗੋਂ ਅਮਲੀ ਵਰਤੋਂ ਨਾਲ। ਸਿੱਖ ਇਸਤ੍ਰੀ ਬੀ ਗੁਰੂ ਕਾ ਸਿਪਾਹੀ ਹੈ ਜਿਸਨੇ ਪਰਸਪਰ ਸਹੋਦਰਤਾ ਤੇ ਸਰਬੱਤ ਦੇ ਭਲੇ ਦਾ ਪ੍ਰਚਾਰ ਕਰਨਾ ਹੈ।

ਤੁਸੀਂ ਵੇਖ ਲਵੋ ਯੂਰਪ ਤੇ ਅਮਰੀਕਾ ਤੇ ਹੋਰ ਪੱਛਮੀ ਸਭ੍ਯ ਦੇਸ਼ਾਂ ਵਲੋਂ ਖੁਦੀ ਦਾ ਵਰਤਾਉ ਹੈ। ਓਹ ਦੂਜੇ ਦੇਸਾਂ ਦੇ ਘਟ ਵਿਦਵਾਨ ਲੋਕਾਂ ਨੂੰ ਤਾਬੇ ਕਰਦੇ ਹਨ ਤੇ ਅਪਣੇ ਸੁਖ ਵਧਾਉਂਦੇ ਹਨ। ਉਨ੍ਹਾਂ ਦੇ ਅਪਣੇ ਦੇਸਾਂ ਵਿਚ ਫੇਰ ਆਪੋ ਵਿਚ ਖ਼ੁਦਗਰਜ਼ੀ ਦੇ ਭਿਆਨਕ 'ਮੁਜ਼ਾਹਿਰੇ' ਹੁੰਦੇ ਹਨ। ਓਹ ਮਹਾਨ ਜੁੱਧ ਰਚਾਉਂਦੇ ਤੇ ਜਗਤ ਦਾ ਕਸ਼ਟ ਵਧਾਉਂਦੇ ਹਨ। ਇਨਸਾਨਾਂ ਵਿਚ ਬਜਾਏ ਪਿਆਰ ਤੇ ਉਪਕਾਰ ਦੇ ਕਟਾ-ਵੱਢੀ ਤੇ ਬੇ-ਦਰਦੀ ਫੈਲਦੀ ਹੈ ਤੇ ਇਨਸਾਨ ਕਹਿਲਾਉਣ ਵਾਲਿਆਂ ਵਿਚ ਭਯਾਨਕ ਹੋਣੀਆਂ ਵਰਤਦੀਆਂ ਹਨ।

ਇਸ ਲਈ ਚਾਹੋ ਸੰਸਾਰ ਵਿਚ ਸਾਇੰਸ ਤਰੱਕੀ ਕਰ ਰਹੀ ਹੈ, ਚਾਹੋ ਇਨਸਾਨ ਦੀ ਕੁਦਰਤ (nature) ਦੀ ਵਾਕਫ਼ੀ ਵਧੀਕ ਹੋ ਗਈ ਹੈ ਤੇ ਇਨਸਾਨ ਆਪ ਨੂੰ ਮੁਹੱਜ਼ਬ ਬੀ ਕਹਿਲਾਉਣ ਲਗ ਪਿਆ ਹੈ, ਪਰ ਪਿਛਲੇ ਭਿਆਨਕ ਜੰਗਾਂ ਦੇ ਸਾਕੇ ਤੇ ਹੁਣ ਚੀਨ ਤੇ ਬਰਮਾ ਵਿਚ ਵਰਤੇ ਮਾਜਰੇ ਤੇ ਪੰਜਾਬ ਵਿਚ ਖੇਲੇ ਗਏ ਖ਼ੂਨੀ ਹੋਲੇ ਦੱਸ ਰਹੇ ਹਨ ਕਿ ਇਨਸਾਨ ਦੀ ਸਾਇੰਸ ਤੇ ਕਾਰੀਗਰੀ ਦੀ ਤਰੱਕੀ ਨੇ, ਇਸ ਦੇ ਆਰਾਮ ਦੇ ਸਾਮਾਨ ਵਧੇਰੇ ਕਰ ਲੈਣ ਦੀ ਸੁਖ ਸਬੀਲੀ ਠੰਡ ਸ਼ਾਂਤੀ ਨਹੀਂ ਵਰਤਾਈ। ਹਿੰਸਕ ਪਸ਼ੂ ਯਾ ਦਰਿੰਦਾ ਭੁੱਖ ਤੋਂ ਆਤੁਰ ਹੋਕੇ ਮ੍ਰਿਗ ਨੂੰ ਮਾਰਦਾ ਹੈ, ਪਰ ਇਨਸਾਨ ਰੱਜ ਪੁੱਜ ਕੇ ਖਾ ਪੀ ਕੇ ਆਪਣੀਆਂ ਐਸ਼ਾਂ ਦੀ ਖ਼ਾਤਰ ਖ਼ੂਨੀ ਸਾਕੇ ਵਰਤਾਉਂਦਾ ਹੈ।

ਇਸ ਲਈ ਬੜੀ ਭਾਰੀ ਲੋੜ ਹੈ ਕਿ ਦਸਾਂ ਗੁਰੂ ਸਾਹਿਬਾਂ ਦੇ ਆਦਰਸ਼ਾਂ ਨੂੰ ਜੋ ਉਨ੍ਹਾਂ ਨੇ ਬੱਧੇ ਸਨ, ਤੇ ਜਾਨਾਂ ਤੇ ਖੇਡ ਕੇ ਵਰਤਾ ਦਿਖਾਏ ਸਨ, ਖਾਲਸਾ ਜੋ ਉਨ੍ਹਾਂ ਦਾ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਜਾ-ਨਸ਼ੀਨ ਹੈ, ਵਰਤਾਕੇ ਦਿਖਾਏ। ਅਤੇ ਕਿਉਂਕਿ ਖਾਲਸਾ ਪੰਥ ਵਿਚ ਇਸਤ੍ਰੀ ਹਿੱਸੇਦਾਰ ਹੈ, ਖਾਲਸਾ ਇਸਤ੍ਰੀਆਂ ਦਾ ਬੀ ਧਰਮ ਹੈ ਕਿ ਓਹ ਬੀ ਗੁਰੂ ਕੇ ਆਦਰਸ਼ਾਂ ਨੂੰ ਜਗਤ ਵਿਚ ਫੈਲਾਉਣ ਵਿਚ, ਧਰਮ ਪ੍ਰਚਾਰ ਵਿਚ, ਉਪਕਾਰ ਵਿਚ, ਕੁਰਬਾਨੀ ਵਿਚ ਪਿੱਛੇ ਨਾ ਰਹਿਣ।

ਹੁਣ ਬੀਬੀਓ! ਤੁਸੀਂ ਡੂੰਘੀ ਵੀਚਾਰ ਕਰੋ, ਏਕਾਂਤ ਵਿਚ ਬੈਠਕੇ ਦਿਲਾਂ ਵਿਚ ਕੰਘੀ ਮਾਰੋ ਕਿ ਜਦ ਗੁਰੂ ਕਾ ਦਿੱਤਾ ਫਰਜ਼ ਸਾਡੇ ਸਿਰ ਤੇ ਹੈ ਕਿ ਅਸੀਂ ਜਗਤ ਜਲੰਦੇ ਵਿਚ ਠੰਡ ਵਰਤਾਉਣੀ ਹੈ, ਜਾਂ ਜਗਤ, ਜੋ ਹਉਮੈ ਕਰਕੇ ਅੰਦਰੋਂ ਸੜਦਾ ਹੈ ਤੇ ਖ਼ੁਦਗਰਜ਼ੀ ਦੇ ਭਯਾਨਕ ਵਰਤਾਉ ਨਾਲ ਦੂਜਿਆਂ ਨੂੰ ਸਾੜਦਾ ਹੈ, ਦਾ ਇਹ ਦੁਖ ਦੂਰ ਕਰਨਾ ਹੈ। ਸਰਬੱਤ ਦੇ ਭਲੇ ਦਾ ਪ੍ਰਚਾਰ ਕਰਨਾ ਹੈ, ਜਗਤ ਨੂੰ ਦੱਸਣਾ ਹੈ ਕਿ ਤੁਸੀਂ ਭਰਾ ਹੋ। ਇਕੋ ਪਿਤਾ ਹੈ ਵਾਹਿਗੁਰੂ, ਉਸਦੇ ਬੱਚੇ ਅਸੀਂ ਸਾਰੇ ਭਾਈ ਹਾਂ। ਅਸਾਂ ਪਿਆਰ ਫੈਲਾਉਣਾ ਹੈ ਤੇ ਆਪਣਾ ਵਿਗਾੜ ਕੇ ਬੀ ਦੂਜੇ ਦਾ ਭਲਾ ਕਰਨਾ ਹੈ। ਇਸ ਦਰਜੇ ਤੇ ਪਹੁੰਚਣ ਲਈ ਨਾਮ ਤੇ ਬਾਣੀ ਦਾ ਅਭਯਾਸ ਕਰਨਾ ਹੈ। ਤਦ ਵੀਚਾਰ ਕਰ ਲਓ ਕਿ ਜਗਤ ਦੀਆਂ ਦੂਸਰੀਆਂ ਇਸਤ੍ਰੀਆਂ ਵਾਂਙੂ ਸਿੱਖ ਇਸਤ੍ਰੀਆਂ ਨੇ ਨਿਰਾ ਮੌਜਾਂ ਮਾਨਣ ਦਾ ਜੀਵਨ ਅਪਣਾ ਆਦਰਸ਼ ਨਹੀਂ ਬਣਾਉਣਾਂ। ਇਸਤ੍ਰੀ ਵਿਚ ਪਰਮੇਸ਼ਰ ਨੇ ਪਿਆਰ ਦਾ ਮਾਦਾ ਵਧੀਕ ਪਾਇਆ ਹੈ। ਜੋ ਕਸ਼ਟ ਮਾਂ ਬੱਚੇ ਲਈ ਸਹਾਰਦੀ ਹੈ

ਇਹ ਉਸਦੀ ਬਨਾਵਟ ਵਿਚ ਹੀ ਕਰਤਾਰ ਨੇ ਦੂਸਰੇ ਦੇ ਭਲੇ ਕਰਨ ਦੀ ਕੁਦਰਤੀ ਆਦਤ ਪਾਈ ਹੈ। ਇਸ ਲਈ ਜਗਤ ਜਲੰਦੇ ਵਿਚ ਠੰਢ ਵਰਤਾਉਣ ਲਈ ਜੋ ਕੰਮ ਇਸਤ੍ਰੀ ਕਰ ਸਕਦੀ ਹੈ ਉਹ ਮਰਦਾਂ ਤੋਂ ਸੁਖੱਲਾ ਤੇ ਵਧੀਕ ਅਸਰ ਵਾਲਾ ਕਰ ਸਕਦੀ ਹੈ।

ਬੀਬੀਓ! ਅਸਾਂ ਪੱਛਮੀ ਇਸਤ੍ਰੀਆਂ ਤੋਂ ਉਨ੍ਹਾਂ ਦੇ ਅੱਯਾਸ਼ੀ ਦੇ ਸਾਮਾਨ ਨਹੀਂ ਲੈਣੇ। ਉਨ੍ਹਾਂ ਤੋਂ ਆਪਣੇ ਦੇਸ਼ਾਂ ਤੇ ਕੌਮਾਂ ਦੇ ਵਧੇਰੇ ਸੁਖਾਂ ਲਈ ਦੂਸਰੇ ਦੇਸ਼ਾਂ ਦੀਆਂ ਗੁਲਾਮੀਆਂ ਵਿਚ ਭਾਈਵਾਲੀ ਦੀ ਜਾਚ ਨਹੀਂ ਸਿੱਖਣੀ। ਸਿੱਖ ਇਸਤ੍ਰੀ ਨੂੰ ਸਤਿਗੁਰੂ ਨੇ ਪਰਉਪਕਾਰ ਦਾ ਹਲਕਾਰਾ ਬਣਾਇਆ ਹੈ। ਸਾਡੇ, ਦੇਖੋ ਬਾਬਾ ਆਲਾ ਸਿੰਘ ਵਰਗੇ ਰਾਜੇ ਦੀ ਰਾਣੀ ਲੰਗਰ ਦੀ ਸੇਵਾ ਆਏ ਗਏ ਦੀ ਆਪ ਕਰਦੀ ਹੁੰਦੀ ਸੀ। ਸਿੱਖ ਇਸਤ੍ਰੀਆਂ ਨੇ ਬੜੇ ਬੜੇ ਸੇਵਾ ਦੇ ਤੇ ਪਰਉਪਕਾਰ ਦੇ ਕੰਮ ਕੀਤੇ ਹਨ। ਹੁਣ ਲੋੜ ਅਗੇ ਤੋਂ ਵਧੀਕ ਹੈ ਕਿਉਂਕਿ ਹੁਣ ਸਾਇੰਸ ਦੇ ਨਾਮ ਹੇਠ, ਸਭਯਤਾ ਦੇ ਪਰਦੇ ਹੇਠ ਓਹੋ ਭਯਾਨਕ 'ਖ਼ੁਦਗਰਜ਼ੀ' ਵਰਤੀ ਜਾ ਰਹੀ ਹੈ। ਲੋੜ ਹੈ ਕਿ ਗੁਰੂ ਦੇ ਦੁਲਾਰੇ ਮਰਦ ਤੇ ਤ੍ਰੀਮਤਾਂ ਜਗਤ ਜਲੰਦੇ ਵਿਚ ਪ੍ਰੇਮ ਦਾ ਸੰਦੇਸ਼ਾ ਲੈਕੇ ਫਿਰ ਨਿਕਲਣ।

ਤੁਸਾਂ ਦੇ ਸਿਰ, ਜੋ ਹਿੰਦੁਸਤਾਨ ਤੋਂ ਬਾਹਰ ਬੈਠੀਆਂ ਹੋ, ਇਕ ਹੋਰ ਭਾਰੀ ਫਰਜ਼ ਹੈ। ਹਾਂ, ਤੁਸਾਡੇ ਮਰਦਾਂ ਤੇ ਇਸਤ੍ਰੀਆਂ ਦੇ ਸਿਰ ਉਤੇ ਇਕ ਭਾਰੀ ਫਰਜ਼ ਹੈ, ਉਹ ਇਹ ਹੈ ਕਿ ਹਿੰਦ ਵਿਚ ਸਿੱਖਾਂ ਦੇ ਸਿਰ ਭਾਰੀ ਕਸ਼ਟ ਪਿਆ ਹੈ, ਚਾਲੀ ਫੀਸਦੀ ਸਿੱਖ ਬੇਘਰ ਬੇ-ਰੁਜ਼ਗਾਰ ਹੋ ਗਏ ਹਨ। ਗੁਰੂ ਕੀ ਮੇਹਰ ਨਾਲ ਉਹਨਾਂ ਨੇ ਦੁਖ ਮਰਦਾਨਗੀ ਨਾਲ ਝੱਲਿਆ ਹੈ, ਪਰ ਓਹ ਅਜੇ ਸੁਖ ਨਾਲ ਬੈਠੇ ਨਹੀਂ। ਸਿੱਖ ਇਸਤ੍ਰੀਆਂ ਪਿੱਛੇ ਨਹੀਂ ਰਹੀਆਂ, ਇਨ੍ਹਾਂ ਨੇ ਮਹਾਨ ਕੁਰਬਾਨੀਆਂ ਕੀਤੀਆਂ ਹਨ।ਇਹ ਸਿੱਖ ਇਸਤ੍ਰੀਆਂ ਨੇ ਹੀ ਜਗਤ ਨੂੰ ਕਰਕੇ ਦੱਸਿਆ ਹੈ ਕਿ ਓਹ ਧਰਮ ਸ਼ਰਮ ਦੀਆਂ ਪੁਤਲੀਆਂ ਹਨ।

ਇਸਤ੍ਰੀ ਨਿਰੀ ਅਯਾਸ਼ ਮਰਦ ਦੀ ਕਾਮ ਪੂਰਨਾ ਦਾ ਸੰਦ ਨਹੀਂ ਹੈ। ਬੀਬੀਓ! ਜਿਸ ਵੇਲੇ ਪੋਠੋਹਾਰ ਵਿਚ ਇਕ ਥਾਂ ਸਿਖ ਇਸਤ੍ਰੀਆਂ ਡਿਠਾ ਕਿ ਮਰਦ ਮਾਰੇ ਗਏ ਹਨ ਤੇ ਜਰਵਾਣਿਆਂ ਦੇ ਜ਼ੋਰ ਤੋਂ ਓਹ ਕਿਸੇ ਆਪਣੇ ਬਲ ਨਾਲ ਆਪ ਨੂੰ ਨਹੀਂ ਬਚਾ ਸਕਦੀਆਂ ਤਾਂ ਇਕ ਮਹਾਨ ਖੂਹ ਵਿਚ ਪਹਿਲਾਂ ਬੱਚੇ ਸੱਟੇ ਤੇ ਫੇਰ ਆਪ ਛਾਲਾਂ ਮਾਰੀਆਂ ਤੇ ਆਪਣਾ ਧਰਮ ਤੇ ਆਨ ਸ਼ਾਨ ਸਹੀ ਸਲਾਮਤ ਲੈ ਗਈਆਂ। ਐਦਾਂ ਦੇ ਇਕ ਨਹੀਂ ਕਈ ਵਾਕੇ ਹੋਏ ਜੋ ਸਿਖ ਇਤਿਹਾਸ ਨੂੰ ਚਾਰ ਚੰਨ ਲਾ ਗਏ। ਹਾਂ ਇਕ ਥਾਂ ਇਕ ਮਾਂ ਨੇ ਜਦ ਡਿਠਾ ਕਿ ਹੁਣ ਸਭ ਕੋਈ ਕਤਲ ਹੋ ਚੁਕਾ ਹੈ, ਤਾਂ ਬਚਿਆਂ ਸਮੇਤ ਆਪਾ ਬੀ ਬੈਸੰਤਰ ਭੇਟ ਕਰ ਦਿਤਾ। ਹਾਂ, ਇਕ ਨਹੀਂ ਐਸੇ ਕਈ ਵਾਕੇ ਹੋਏ ਹਨ। ਕਈ ਸਤਿਵੰਤੀਆਂ ਨੇ ਟਾਕਰੇ ਭੀ ਕੀਤੇ, ਜ਼ਖਮ ਖਾਧੇ ਤੇ ਜਾਨਾਂ ਦਿੱਤੀਆਂ। ਇਹ ਆਪੇ ਤੇ ਖੇਡਣ ਦੀ ਕੁਰਬਾਨੀ ਦੀਆਂ ਕਰਨੀਆਂ ਪੱਛਮੀ ਰੀਸਾਂ ਨਾਲ ਨਹੀਂ ਹੋ ਸਕਦੀਆਂ। ਇਹ ਬਾਣੀ ਦਾ ਪ੍ਰੇਮ, ਨਾਮ ਦਾ ਰੰਗ ਤੇ ਧਰਮ ਸ਼ਰਮ ਦੀ ਉੱਚਤਾ ਦਾ ਆਦਰਸ਼ ਹੀ ਕਰਾ ਸਕਦਾ ਹੈ।

ਸੋ ਪਰਦੇਸੀ ਵਸਦੇ ਵੀਰੋ ਭੈਣੋ! ਆਪ ਦੇ ਸਿਰ ਇਸ ਵੇਲੇ ਇਕ ਅਹਿਮ ਕੰਮ ਹੈ ਕਿ ਪੰਜਾਬ ਵਿਚ ਸਿੱਖਾਂ ਵਿਚ ਜੋ ਪਾਟੋ ਧਾੜ ਇਸ ਵੇਲੇ ਪਤਾ ਨਹੀਂ ਕਿਉਂ ਪੈ ਗਈ ਹੈ ਉਸ ਤੋਂ ਕੌਮ ਦੇ ਭਵਿਖਯਤ ਲਈ ਡਰ ਹੈ। ਸਿੱਖਾਂ ਦੇ ਸਿਰ ਪਈਆਂ ਮੁਸੀਬਤਾਂ ਤੋਂ ਨਹੀਂ, ਸਿੱਖਾਂ ਨਾਲ ਕੋਈ ਜੇ ਕਰੇ ਵੈਰ ਤਾਂ ਉਸ ਤੋਂ ਨਹੀਂ ਪਰ ਸਿਖਾਂ ਵਿਚ ਆ ਵੜੀ ਧੜੇਬੰਦੀ ਤੋਂ ਸਿੱਖੀ ਦੇ ਭਵਿਖਯਤ ਦਾ ਡਰ ਹੈ। ਹੁਣ ਤੁਸਾਂ ਇਸ ਵਿਚ ਕੀਹ ਕਰਨਾ ਹੈ। ਬਦੇਸਾਂ ਵਿਚ ਸਿੱਖੀ ਦਾ ਝੰਡਾ ਝੁਲਾ ਦਿਓ, ਵਡੇ ਵਡੇ ਕਰਨੀ ਵਾਲੇ ਤੇ ਵਿਦਵਾਨ ਮਹਾਤਮਾਂ ਨੂੰ ਬੁਲਾਓ ਯਾ ਆਪਣੇ ਵਿਚੋਂ ਕੁਰਬਾਨੀ ਲਈ ਤਿਆਰ ਕਰੋ; ਓਹ ਪਰਦੇਸਾਂ ਵਿਚ ਸਿੱਖੀ ਦਾ ਪ੍ਰਚਾਰ ਕਰਨ, ਦਸਾਂ ਗੁਰੂ ਸਾਹਿਬਾਂ ਦੇ ਆਦਰਸ਼ ਨੂੰ ਫੈਲਾ ਦੇਣ।

ਅੱਗੇ ਇਤਿਹਾਸ ਵਿਚ ਇਕ ਵਾਕਯਾ ਹੋ ਚੁਕਾ ਹੈ ਕਿ ਹਿੰਦ ਵਿਚੋਂ ਬੁੱਧ ਭਿੱਖੂ ਤੇ ਸਾਧੂ ਵਿਦਵਾਨ ਤੇ ਉਚ ਜੀਵਨੇ ਲੋਕ ਚੀਨ, ਜਾਪਾਨ, ਸੀਲੋਨ ਨੂੰ ਨਿਕਲ ਗਏ ਤੇ ਉਨ੍ਹਾਂ ਨੇ ਉਥੇ ਪ੍ਰਚਾਰ ਕਰਕੇ ਆਪਣੇ ਧਰਮ ਨੂੰ ਬਚਾਇਆ। ਜਦੋਂ ਮੁਸੀਬਤਾਂ ਦਾ ਵੇਲਾ ਹਿੰਦ ਵਿਚ ਆਇਆ ਤਦ ਬੁੱਧ ਧਰਮ ਬਦੇਸਾਂ ਵਿਚ ਬਚ ਰਿਹਾ। ਜਿਸ ਦੇ ਆਦਰਸ਼ਾਂ ਨੂੰ ਹੁਣ ਯੂਰਪ ਦੇ ਦਾਨੇ ਸਲਾਹੁੰਦੇ ਹਨ ਤੇ ਖੁਦ ਹਿੰਦ ਦੇ ਹਿੰਦੂ ਆਪਣਾ ਆਪਣਾ ਆਖ ਰਹੇ ਹਨ।

ਸੋ ਬੀਬੀਓ! ਤੁਸੀਂ ਤੇ ਤੁਸਾਡੇ ਵੀਰ, ਪਿਤਾ ਤੇ ਪਤੀ ਸਾਰੇ ਰਲਕੇ ਇਕ ਭਾਰੀ ਪ੍ਰਚਾਰ ਦੀ ਸਕੀਮ ਪਰਦੇਸਾਂ ਵਿਚ ਜਾਰੀ ਕਰੋ। ਗੁਰਸਿਖੀ ਦੇ ਚੰਗੇ ਚੰਗੇ ਸਾਧੂ ਵਿਦਵਾਨ ਤੇ ਕਰਨੀ ਵਾਲੇ ਲੋਕ ਪਰਦੇਸਾਂ ਵਿਚ ਇਕੱਠੇ ਕਰਕੇ ਨਿਰੰਕਾਰੀ ਝੰਡਾ ਜਗਤ ਵਿਚ ਝੁਲਾ ਦਿਓ।

ਇਨ੍ਹਾਂ ਆਦਰਸ਼ਾਂ ਦੇ ਫੈਲਾਉਣ ਲਈ ਤੁਸੀਂ ਖੁਦ ਵੀਚਾਰ ਕਰ ਲਓ ਕਿ ਮਲਾਇਆ ਵਿਚ ਬੈਠਿਓ ਤੁਸਾਂ ਦਾ ਫਰਜ਼ ਹੈ ਉਚ ਜੀਵਨ ਬਸਰ ਕਰਨ ਦਾ, ਤਯਾਗ ਵਿਚ ਵੱਸਣ ਦਾ ਅਪਨਾ ਬਿਗਾਰ ਬਿਰਾਨਾ ਸੰਵਾਰਨ ਦਾ; ਗਲ ਕੀਹ, ਗੁਰੂ ਦੇ ਸਿਪਾਹੀ ਬਣਕੇ ਗੁਰੂ ਆਦਰਸ਼ਾਂ ਦੇ ਫੈਲਾਉਣ ਦਾ, ਜਿਸ ਨਾਲ ਕਿ ਜਗਤ ਦਾ ਦੁਖ ਘਟੇ। ਆਪਣੇ ਆਪ ਨੂੰ ਥੋੜੇ ਤੇ ਗਰੀਬ ਦਾ ਨਾ ਖਿਆਲ ਕਰੋ। ਗੁਰੂ ਕਾ ਇਕ ਇਕ ਖਾਲਸਾ ਸਵਾ ਲੱਖ ਹੈ।

ਗੁਰੂ ਕਲਗੀਆਂ ਵਾਲੇ ਦੀਓ ਸਪੁਤ੍ਰੀਓ! ਤੁਸਾਂ ਦਾ ਖਤ ਵਾਚਕੇ ਮੈਨੂੰ ਖੁਸ਼ੀ ਹੋਈ ਕਿ ਜਿਸ ਵੇਲੇ ਅਸੀਂ ਪੰਜਾਬ ਦੇ ਸਿੱਖ ਦੁਖ ਝੱਲਣ ਵਿਚ ਯਾ ਦੁਖ ਵੰਡਾਉਣ ਵਿਚ ਗੁਰੂ ਕੇ ਭਾਣੇ ਵਿਚ ਰੁਝ ਰਹੇ ਸਾਂ ਉਸ ਵੇਲੇ ਮਲਾਯਾ ਵਿਚ ਸਾਡੇ ਵੀਰ ਭੈਣਾਂ ਮੌਜੂਦ ਹਨ ਜੋ ਪ੍ਰਚਾਰ ਦੇ ਪ੍ਰੇਮੀ ਹਨ। ਮੈਂ ਇਸ ਲਈ ਆਪ ਜੀ ਦੀ ਮੰਗ ਤੇ ਇਹ ਸਤਰਾਂ ਲਿਖੀਆਂ ਹਨ ਕਿ ਸਿੱਖ ਪੰਥ ਨੂੰ ਇਸ ਵੇਲੇ ਲੋੜ ਇਸ ਗਲ ਦੀ ਹੈ ਕਿ ਜਿਸ ਵਿਚ ਤੁਸੀਂ ਸਹਾਈ ਹੋ ਸਕਦੇ ਹੋ ਕਿ ਜਿਥੇ ਹੋ ਓਥੇ ਸਿਖੀ ਧਰਮ ਫੈਲਾਓ ਜੋ ਓਹ ਲੋਕੀ ਸੁੱਖੀ ਹੋਣ ਤੇ ਸਿਖੀ ਦਾ ਬੀਜ ਪਰਦੇਸਾਂ ਵਿਚ ਬੀ ਪ੍ਰਫੁੱਲਤ ਹੋਵੇ, ਸਿੱਖ ਧਰਮ ਨਿਰਾ ਇਕ-ਦੇਸ਼ੀ ਧਰਮ ਪੰਜਾਬ ਦੀਆਂ ਕੰਧਾਂ ਵਿਚ ਬੰਦ ਨਾ ਰਹਿ ਜਾਵੇ। ਸਚ ਜਾਣੋ ਜੇ ਤੁਸਾਂ ਹੁਣ ਪਰਦੇਸਾਂ ਵਿਚ ਵਸਦੇ ਖਾਲਸਾ ਵੀਰਾਂ ਤੇ ਭੈਣਾਂ ਨੇ ਉਨ੍ਹਾਂ ਟਾਪੂਆਂ ਵਿਚ ਆਪਣੇ ਉਪਦੇਸ਼ ਤੇ ਨਮੂਨੇ ਨਾਲ ਸਿੱਖੀ ਫੈਲਾ ਦਿਤੀ ਤਾਂ ਅਗਲੇ ਸਮੇਂ ਤੁਹਾਡੀ ਇਹ ਸੇਵਾ ਐਨ ਵਕਤ ਸਿਰ ਕੀਤੀ ਸੇਵਾ ਸਮਝੀ ਜਾਵੇਗੀ। ਗੁਰੂ ਆਪਦਾ ਸਹਾਈ ਹੋਵੇ ਤੇ ਹਰ ਗੁਰੂ ਕਾ ਪਿਆਰਾ ਚਾਹੋ ਪੁਰਖ ਚਾਹੋ ਇਸਤ੍ਰੀ ਆਪ ਨੂੰ ਸਵਾ ਲਖੀ ਸਮਝਕੇ ਸੇਵਾ ਵਿਚ ਜੁਟਿਆ ਰਹੇ।

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤੇ॥

-**ਅਮਰ ਲੇਖ**, ਭਾਗ-3 'ਚੋਂ

❖ ❖ ❖ ❖

# ਅਜੋਕਾ ਮੀਡੀਆ ਤੇ ਔਰਤ

❖ ਸਿਮਰਨ ਅਕਸ *

ਔਰਤ ਸਮਾਜ ਦਾ ਧੁਰਾ ਹੈ ਅਤੇ ਮੀਡੀਆ ਇਸ ਸਮਾਜ ਦਾ ਸ਼ੀਸ਼ਾ। ਪਰ ਜਦ ਵੀ ਇਸ ਧੁਰੇ ਦੀ ਤਸਵੀਰ ਅਜੋਕੇ ਸਮੇਂ ਦੇ ਸ਼ੀਸ਼ੇ ਵਿਚ ਪ੍ਰਤੀਬਿੰਬਤ ਹੁੰਦੀ ਹੈ ਤਾਂ ਅਕਸ ਬਹੁਤ ਹੀ ਧੁੰਦਲਾ ਦਿਖਾਈ ਦਿੰਦਾ ਹੈ। ਬਹੁਤ ਹੀ ਥੋੜ੍ਹੇ ਸਮੇਂ ਵਿਚ ਜਿੱਥੇ ਮੀਡੀਆ ਲੋਕਤੰਤਰ ਦੇ ਚੌਥੇ ਥੰਮ ਵਜੋਂ ਸਥਾਪਤ ਹੋਇਆ ਹੈ, ਉੱਥੇ ਹੀ ਸੂਚਨਾ ਤਕਨਾਲੋਜੀ ਵਿਚ ਵੀ ਨਿੱਤ ਨਵੇਂ ਬਦਲਾਅ ਆ ਰਹੇ ਹਨ। ਅਖ਼ਬਾਰਾਂ, ਰੇਡੀਓ, ਟੀ.ਵੀ., ਕਿਤਾਬਾਂ, ਮੈਗਜ਼ੀਨ, ਫ਼ਿਲਮਾਂ ਅਤੇ ਇੰਟਰਨੈੱਟ ਵਰਗੇ ਸਾਧਨ ਵੱਧ ਤੋਂ ਵੱਧ ਵਿੱਕਰੀ ਅਤੇ ਮੁਨਾਫ਼ੇ ਦੀ ਮਨਸ਼ਾ ਨਾਲ ਨਿੱਤ ਨਵੀਆਂ ਕਮਾਊ ਅਤੇ ਟਿਕਾਊ ਜੁਗਤਾਂ ਦੀ ਵਰਤੋਂ ਦੇ ਮਾਹਰ ਹੋ ਰਹੇ ਹਨ। ਇਨ੍ਹਾਂ ਖਾਸ ਜੁਗਤਾਂ ਵਿਚੋਂ ਇਕ ਹੈ 'ਔਰਤ ਦਾ ਵਸਤੂਕਰਨ' ਭਾਵ ਔਰਤ ਨੂੰ ਅਜਿਹੀ ਵਸਤੂ ਬਣਾ ਕੇ ਪੇਸ਼ ਕਰਨਾ, ਜਿਸ ਦੇ ਦਾਰਸ਼ਿਕ ਉਪਭੋਗ ਨਾਲ ਮੀਡੀਆ ਦੀ ਵਿੱਕਰੀ ਵੱਧ ਸਕੇ। ਮੀਡੀਆ ਦੀ ਇਸ ਮੰਡੀ ਵਿਚ ਔਰਤ ਦੀ ਖ਼ੂਬਸੂਰਤੀ ਅਤੇ ਨਾਜ਼ੁਕਤਾ ਨੂੰ ਇਸ ਢੰਗ ਅਤੇ ਮੰਤਵ ਨਾਲ ਪੇਸ਼ ਕੀਤਾ ਜਾਂਦਾ ਹੈ, ਜਿਵੇਂ ਉਹ ਜਿਉਂਦਾ-ਜਾਗਦਾ ਇਨਸਾਨ ਨਹੀਂ ਸਗੋਂ ਸਿਰਫ਼ ਦੇਖਣ ਅਤੇ ਮਾਣਨ ਵਾਲੀ ਵਸਤ ਹੋਵੇ।

ਜਿਵੇਂ-ਜਿਵੇਂ ਸੰਚਾਰ ਸਾਧਨ ਤਰੱਕੀ ਵੱਲ ਵੱਧ ਰਹੇ ਹਨ, ਓਵੇਂ ਹੀ ਲੋਕਾਂ ਦਾ ਨਜ਼ਰੀਆ ਔਰਤ ਪ੍ਰਤੀ ਪਿਛਾਂਹ-ਖਿੱਚੂ, ਧੱਕੜ ਅਤੇ ਉਸ ਦੀ ਦੇਹ ਤੱਕ ਸੀਮਤ ਹੁੰਦਾ ਜਾ ਰਿਹਾ ਹੈ। ਨਤੀਜੇ ਵਜੋਂ ਔਰਤ ਪਹਿਲਾਂ ਨਾਲੋਂ ਸਨਮਾਨਜਨਕ ਅਤੇ ਬਰਾਬਰੀ ਦਾ ਰੁਤਬਾ ਪਾਉਣ ਦੀ ਬਜਾਇ ਪਰ-ਨਿਰਭਰ ਅਤੇ ਕਾਮੁਕ ਸ਼ੋਸ਼ਣ ਦਾ ਧੁਰਾ ਮਾਤਰ ਬਣਦੀ ਜਾ ਰਹੀ ਹੈ। ਇਸ ਨਿਘਾਰ ਵਿਚ ਸਭ ਤੋਂ ਵੱਡਾ ਯੋਗਦਾਨ 'ਸਕਰੀਨ' ਦਾ ਹੈ, ਜਿਸ ਵਿਚ ਫ਼ਿਲਮਾਂ, ਟੀ.ਵੀ. ਸੀਰੀਅਲ, ਇਸ਼ਤਿਹਾਰ, ਗੀਤਾਂ ਦੀਆਂ ਵੀਡੀਓਜ਼ ਅਤੇ ਇੰਟਰਨੈੱਟ 'ਤੇ ਪਈਆਂ ਪੋਰਨ ਵੀਡੀਓਜ਼ ਜਾਂ ਸਾਈਟਸ ਪ੍ਰਮੁੱਖ ਹਨ। ਡਾ. ਧਨਵੰਤ ਕੌਰ ਮੀਡੀਆ ਪ੍ਰਭਾਵਤ ਸਮਾਜ ਵਿਚ ਔਰਤ ਦੀ ਨਿੱਘਰ ਰਹੀ ਸਥਿਤੀ ਦਾ ਜ਼ਿਕਰ ਕਰਦੇ ਆਖਦੇ ਹਨ ਕਿ ਸਮਕਾਲੀ ਔਰਤ ਦੇ ਸਵੈ-ਵਿਕਾਸ ਵਿਚ ਸਭ ਤੋਂ ਵੱਡੀ ਚੁਣੌਤੀ ਮੰਡੀ ਅਤੇ ਮੀਡੀਆ ਹੈ। ਅਜੋਕੀ ਮੰਡੀ ਜਿਹੜੀ ਸ਼ਕਤੀ ਦੀਆਂ ਕਿਤੇ ਵੱਧ ਸ਼ਕਤੀਸ਼ਾਲੀ ਪਰ ਅਦ੍ਰਿਸ਼ ਤਾਕਤਾਂ ਦੁਆਰਾ ਸੰਚਾਲਤ ਹੈ ਔਰਤ ਨੂੰ ਇਕ ਵਾਰ ਫਿਰ ਉਸੇ ਹਾਸ਼ੀਆਗਤ ਸਥਿਤੀ ਵੱਲ ਲਿਜਾਣਾ ਚਾਹੁੰਦੀ ਹੈ। ਮੰਡੀ ਦੇ ਸਾਰੇ ਢੰਗ ਜਿਹੜੇ ਔਰਤ ਦੀ ਖ਼ੂਬਸੂਰਤੀ, ਨਾਜ਼ੁਕਤਾ ਦੇ ਲੁਭਾਉਣੇ ਪ੍ਰਸੰਗ ਸਿਰਜਦੇ ਹਨ ਅਤੇ ਸੁੰਦਰਤਾ ਮੁਕਾਬਲਿਆਂ ਦੇ ਬਹਾਨੇ ਔਰਤ ਨੂੰ ਤੱਕਣਯੋਗ ਦੇਹ ਵਿਚ ਤਬਦੀਲ ਕਰਦੇ ਹਨ, ਉਸ ਦੇ ਮਾਨਵੀ ਦਾਅਵਿਆਂ ਨੂੰ ਲਾਂਭੇ ਕਰ ਰਹੇ ਹੁੰਦੇ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਮੀਡੀਆ ਰਾਹੀਂ ਦਿਖਾਈ ਜਾ ਰਹੀ ਔਰਤ ਮਰਦ ਦੀ ਤੱਕਣੀ ਨੂੰ ਤਕੜਿਆਂ ਕਰ ਰਹੀ ਹੈ ਅਤੇ ਔਰਤ ਨੂੰ ਸ਼ਰਮਸਾਰ।

ਫ਼ਿਲਮਾਂ ਅਜੋਕੇ ਸਮੇਂ ਵਿਚ ਮਨੋਰੰਜਨ ਦਾ ਸਭ ਤੋਂ ਸਸਤਾ ਸਾਧਨ ਹਨ। ਅਜਿਹੇ ਖੇਤਰ ਜਿੱਥੇ ਕਿਤਾਬਾਂ ਜਾਂ ਅਖਬਾਰ ਅਜੇ ਵੀ ਬੇਪਛਾਣ ਹਨ, ਉੱਥੇ ਫ਼ਿਲਮਾਂ ਬਹੁਤ ਆਸਾਨੀ ਨਾਲ ਪਹੁੰਚ ਜਾਂਦੀਆਂ ਹਨ। ਜੇਕਰ ਕੋਈ ਫ਼ਿਲਮਕਾਰ ਚਾਹੇ ਤਾਂ ਇਸ ਸ਼ਕਤੀਸ਼ਾਲੀ ਮਾਧਿਅਮ ਰਾਹੀਂ ਬੇਹੱਦ ਸਾਰਥਕ ਛਾਪ ਦਰਸ਼ਕਾਂ ਉੱਪਰ ਛੱਡ ਸਕਦਾ ਹੈ ਜਿਵੇਂ ਨਵੇਕਲੀਆਂ ਫ਼ਿਲਮਾਂ ਵਿਚੋਂ ਮਾਂ, ਇੰਗਲਿਸ਼-ਵਿੰਗਲਿਸ਼, ਲੱਜਾ, ਮੈਰੀ ਕਾਮ, ਫ਼ੈਸ਼ਨ, ਗੁਲਾਬੀ ਗੈਂਗ ਅਤੇ ਵਿਦਿਆ ਬਾਲਨ ਜਾਂ ਕੰਗਨਾ ਰਣੌਤ ਦੇ ਮੁੱਖ ਕਿਰਦਾਰਾਂ ਵਾਲੀਆਂ ਫ਼ਿਲਮਾਂ ਜ਼ਿਕਰਯੋਗ ਹਨ। ਪਰ ਇਸ ਤਰਾਂ ਔਰਤਾਂ ਦੀਆਂ ਸਮੱਸਿਆਵਾਂ, ਹੱਕਾਂ ਅਤੇ ਸ਼ਕਤੀਕਰਨ ਦੀ ਬਾਤ ਪਾਉਂਦੀਆਂ ਫ਼ਿਲਮਾਂ ਆਟੇ ਵਿਚ ਲੂਣ ਬਰਾਬਰ ਹਨ। ਆਮ ਤੌਰ 'ਤੇ ਭਾਰਤੀ ਫ਼ਿਲਮਾਂ ਵਿਚ ਨਾਇਕਾ ਦਾ ਪਾਤਰ ਸਿਰਫ਼ ਹੀਰੋ ਨੂੰ ਸਪੋਰਟ ਕਰਨ ਲਈ ਜਾਂ ਕਹਾਣੀ ਵਿਚ ਰੁਮਾਂਸ ਦਾ ਰੰਗ ਭਰਨ ਲਈ ਸਿਰਜਿਆ ਜਾਂਦਾ ਹੈ। ਕਾਮੁਕ, ਅਸ਼ਲੀਲ ਸੀਨ ਅਤੇ ਅਸ਼ਲੀਲ ਨਾਚ ਵਾਲੇ ਆਈਟਮ ਗੀਤ ਫ਼ਿਲਮ ਨੂੰ ਹਿਟ ਬਣਾਉਣ ਲਈ ਵਰਤੇ ਜਾਂਦੇ ਫ਼ਾਰਮੂਲੇ ਹਨ। ਜੇਕਰ ਇੱਥੇ ਹਾਲੀਵੁੱਡ ਫ਼ਿਲਮਾਂ ਦੇ ਵਿਸ਼ੇ ਵੱਲ ਝਾਤ ਮਾਰੀਏ ਤਾਂ ਨਾਇਕਾਵਾਂ ਐਕਸ਼ਨ ਫ਼ਿਲਮਾਂ ਵਿਚ ਵੀ ਲੀਡ ਰੋਲ ਅਦਾ ਕਰਦੀਆਂ ਨਜ਼ਰ ਆਉਂਦੀਆਂ ਹਨ। ਪਰ ਭਾਰਤੀ ਫ਼ਿਲਮਾਂ ਅਜੇ ਵੀ ਮਰਦ ਪ੍ਰਧਾਨ ਵਰਤਾਰੇ ਦੀਆਂ ਤਰਜਮਾਨ ਹਨ।

ਲਿੰਗ ਸਬੰਧੀ ਵਿਤਕਰਾ ਗਲੈਮਰਸ ਜਗਤ ਨੂੰ ਵੀ ਅਛੂਤਾ ਨਹੀਂ ਛੱਡਦਾ। ਇਕੋ ਫ਼ਿਲਮ ਵਿਚ ਕੰਮ ਕਰਨ ਲਈ ਹੀਰੋ ਅਤੇ ਹੀਰੋਇਨ ਨੂੰ ਮਿਲਣ ਵਾਲੀ ਅਦਾਇਗੀ ਵਿਚ ਵੱਡਾ ਅੰਤਰ ਹੁੰਦਾ ਹੈ। ਵੱਡੀ ਉਮਰ ਦੀਆਂ ਉਮਦਾ ਅਦਾਕਾਰਾਂ ਲਈ ਫ਼ਿਲਮੀ ਕਰੀਅਰ ਦੇ ਦਰਵਾਜ਼ੇ ਬੰਦ ਹੋ ਜਾਂਦੇ ਹਨ, ਜਦਕਿ ਉਸੇ ਉਮਰ ਦੇ ਮਰਦ ਅਦਾਕਾਰਾਂ ਨਾਲ ਅੱਧੀ ਉਮਰ ਦੀਆਂ ਹੀਰੋਈਨਾਂ ਨੂੰ ਲੀਡ ਰੋਲ ਕਰਦਿਆਂ ਦੇਖਿਆ ਜਾ ਸਕਦਾ ਹੈ। ਭਾਵ ਚਕਾਚੌਂਧ ਦੇ ਇਸ ਜਗਤ ਵਿਚ ਔਰਤਾਂ ਦੇ ਹੁਨਰ ਨਹੀਂ ਸਿਰਫ਼ ਸਰੀਰ ਅਤੇ ਦਿੱਖ ਦਾ ਮੁੱਲ ਪਾਇਆ ਜਾਂਦਾ ਹੈ।

ਨੈਸ਼ਨਲ ਕਮਿਸ਼ਨ ਫ਼ਾਰ ਵੁਮੈਨ ਨੇ 1986 ਵਿਚ 'ਸਕਰੀਨ ਉੱਪਰ ਔਰਤਾਂ ਦੀ ਭੱਦੀ ਪੇਸ਼ਕਾਰੀ' ਬਾਰੇ ਕਾਨੂੰਨ ਦੀ ਗੱਲ ਕਰਦਿਆਂ ਆਖਿਆ ਕਿ ਸਾਡੇ ਟੀ.ਵੀ. ਲੜੀਵਾਰਾਂ ਵਿਚ ਔਰਤ ਜਾਂ ਤਾਂ ਕੈਕਈ ਹੁੰਦੀ ਹੈ ਜਾਂ ਸੀਤਾ ਭਾਵ ਜਾਂ ਬਹੁਤ ਹੀ ਸ਼ਾਤਰ ਅਤੇ ਜਾਂ ਫਿਰ ਸੀਤਾ ਮਾਤਾ ਵਾਂਗ ਤਿਆਗ ਦੀ ਮੂਰਤ". ਯਕੀਨਨ ਇਨ੍ਹਾਂ ਲੜੀਵਾਰਾਂ ਵਿਚ ਇਕ ਪਾਸੇ ਤਾਂ ਔਰਤ ਦੀ ਸਟੀਰੀਓ ਟਾਈਪ ਪੇਸ਼ਕਾਰੀ ਹੁੰਦੀ ਹੈ, ਦੂਜੇ ਪਾਸੇ ਔਰਤ ਨੂੰ ਹੀ ਔਰਤ ਦੀ ਸਭ ਤੋਂ ਵੱਡੀ ਦੁਸ਼ਮਣ ਦੇ ਰੂਪ ਵਿਚ ਪੇਸ਼ ਕੀਤਾ ਜਾਂਦਾ ਹੈ। ਸੱਸ-ਨੂੰਹ ਜਾਂ ਦਰਾਣੀਆਂ-ਜਠਾਣੀਆਂ ਦੀਆਂ ਸਾਜ਼ਿਸ਼ਾਂ ਅਤੇ ਉਨਾਂ ਨੂੰ ਭੁਗਤਦੀ ਸਾਊ, ਸੁਸ਼ੀਲ ਅਤੇ ਤਿਆਗੀ ਨਾਇਕਾ। ਸੌ ਵਿਚੋਂ ਕੇਵਲ ਨੜਿਨਵੇਂ ਫ਼ੀਸਦੀ ਲੜੀਵਾਰਾਂ ਵਿਚਲੀ ਨਾਇਕਾ ਘਰੇਲੂ ਔਰਤ ਹੁੰਦੀ ਹੈ। ਜਿਸ ਦਾ ਮੁੱਖ ਮਕਸਦ ਬੱਸ ਆਪਣੇ ਪਤੀ ਤੇ ਪਰਿਵਾਰ ਨੂੰ ਜੋੜ ਕੇ ਰੱਖਣਾ ਅਤੇ ਇਸ ਲਈ ਕੋਈ ਵੀ ਕੁਰਬਾਨੀ ਦੇਣ ਲਈ ਤਿਆਰ ਰਹਿਣਾ ਹੁੰਦਾ ਹੈ। ਕੀ ਅਜਿਹੀ ਪੇਸ਼ਕਾਰੀ ਔਰਤ ਨੂੰ ਘਰੇਲੂ ਵਲਗਣਾਂ ਤੱਕ ਹੀ ਮਹਿਦੂਦ ਨਹੀਂ ਕਰਦੀ? ਨਿਰਮਾਤਾ/ਨਿਰਦੇਸ਼ਕ ਇਸ ਨੂੰ ਘਰ-ਘਰ ਦੀ ਕਹਾਣੀ ਦੱਸਦੇ ਹੋਏ ਦਲੀਲ ਦਿੰਦੇ ਹਨ ਕਿ ਉਹ ਸਕਰੀਨ ਉੱਪਰ ਉਹੀ ਦਿਖਾਉਂਦੇ ਹਨ ਜੋ ਸਮਾਜ ਵਿਚ ਵਾਪਰ ਰਿਹਾ ਹੈ। ਪਰ ਸਚਾਈ ਇਹ ਹੈ ਕਿ ਦਰਸ਼ਕ ਜੋ ਦੇਖਦਾ ਹੈ, ਉਸੇ ਮੁਤਾਬਕ ਵਿਹਾਰ ਕਰਨ ਲੱਗਦਾ ਹੈ। ਮੀਡੀਆ ਦਾ ਸਿਧਾਂਤ 'ਕੋਗਨਿਟਿਵ ਡਿਸੋਨੈਂਸ' ਦੱਸਦਾ ਹੈ ਕਿ ਜੇਕਰ ਪਾਣੀ ਦੀ ਕੇਵਲ ਇਕ ਬੂੰਦ ਹੀ ਵਾਰ-ਵਾਰ ਜਾਂ ਲਗਾਤਾਰ

ਡਿਗਦੀ ਰਹੇ ਤਾਂ ਇਹ ਪੱਥਰ ਉੱਪਰ ਵੀ ਆਪਣਾ ਨਿਸ਼ਾਨ ਛਾਪ ਦਿੰਦੀ ਹੈ। ਇਹੋ ਹਾਲ ਦਰਸ਼ਕ ਦੇ ਮਨ ਦਾ ਹੈ। ਲਗਾਤਾਰ ਸਕਰੀਨ ਉੱਪਰ ਦਿਖਾਇਆ ਜਾ ਰਿਹਾ ਵਰਤਾਰਾ ਉਹ ਕਦੋਂ ਅਤੇ ਕਿਵੇਂ ਸਹਿਜੇ ਹੀ ਅਪਣਾ ਲੈਂਦਾ ਹੈ, ਖੁਦ ਵੀ ਨਹੀਂ ਜਾਣਦਾ।

ਇਹੋ ਵਰਤਾਰਾ ਐਡਜ਼ ਭਾਵ ਮਸ਼ਹੂਰੀਆਂ ਵਿਚ ਵੀ ਨਜ਼ਰ ਆਉਂਦਾ ਹੈ। ਟੀ.ਵੀ. ਦੀਆਂ ਮਸ਼ਹੂਰੀਆਂ ਵਿਚ ਕਾਰਜਾਂ ਅਨੁਸਾਰ ਲਿੰਗ ਵਿਤਕਰਾ ਪ੍ਰਤੱਖ ਨਜ਼ਰ ਆਉਂਦਾ ਹੈ। ਖੂਬਸੂਰਤੀ ਵਧਾਉਣ, ਭਾਂਡੇ ਸਾਫ਼ ਕਰਨ, ਰਸੋਈ, ਸਫਾਈ, ਬੱਚਿਆਂ ਦੇ ਖਾਣ-ਪੀਣ ਅਤੇ ਖਿਦਮਤ ਦੇ ਕਾਰਜਾਂ ਲਈ ਔਰਤ ਕਿਰਦਾਰਾਂ ਨੂੰ ਫਿਲਮਾਇਆ ਜਾਂਦਾ ਹੈ ਜਦਕਿ ਐਡਵੈਂਚਰਸ, ਫ਼ੈਸਲਾਕੁਨ (ਡਸੀਜ਼ਨ ਮੇਕਿੰਗ), ਐਸ਼ੋ ਆਰਾਮ ਅਤੇ ਸਪੋਰਟਸ ਵਾਲੀਆਂ ਮਸ਼ਹੂਰੀਆਂ ਵਿਚ ਮਰਦਾਂ ਨੂੰ ਮੁੱਖ ਰੋਲ ਦਿੱਤੇ ਜਾਂਦੇ ਹਨ। ਕੀ ਐੱਲ.ਆਈ.ਸੀ. ਕਰਵਾਉਣ ਦਾ, ਕਾਰ ਜਾਂ ਕੋਈ ਹੋਰ ਵਹੀਕਲ ਲੈਣ ਦਾ ਨਿਰਣਾ ਔਰਤ ਨਹੀਂ ਲੈ ਸਕਦੀ ਜਾਂ ਲੈਂਦੀ? ਕੀ ਔਰਤਾਂ ਦੀ ਜ਼ਿੰਦਗੀ ਦਾ ਸਭ ਤੋਂ ਪਹਿਲਾ ਮਕਸਦ (ਜਿਵੇਂ ਕਿ ਮਸ਼ਹੂਰੀਆਂ ਵਿਚ ਦਿਖਾਇਆ ਜਾਂਦਾ ਹੈ) ਕੇਵਲ ਬਾਹਰੀ ਖੂਬਸੂਰਤੀ ਨੂੰ ਵਧਾਉਣਾ ਹੈ? ਸੋ ਇਹ ਵਿਤਕਰਾ ਅਤੇ ਵਿਸ਼ਈ ਸਥਿਰਤਾ ਵੀ ਔਰਤ ਦੀ ਸਟੀਰੀਓ ਟਾਈਪ ਪੇਸ਼ਕਾਰੀ ਨੂੰ ਹੋਰ ਪਕੇਰਾ ਕਰਦਾ ਹੈ।

ਇਸ ਵਿਤਕਰੇ ਤੋਂ ਵੀ ਵੱਡੀ ਤ੍ਰਾਸਦੀ ਉਦੋਂ ਦਰਪੇਸ਼ ਹੁੰਦੀ ਹੈ ਜਦੋਂ ਟਾਇਰਾਂ ਤੋਂ ਲੈ ਕੇ ਸ਼ਰਾਬ ਤੱਕ ਦੀਆਂ ਮਸ਼ਹੂਰੀਆਂ ਵਿਚ ਨਾਂਮਾਤਰ ਕੱਪੜਿਆਂ ਵਾਲੀ ਔਰਤ ਨਜ਼ਰ ਆਉਂਦੀ ਹੈ। ਇਨਾਂ ਐਡਜ਼ ਵਿਚ ਵਸਤੂ ਜਾਂ ਪ੍ਰੋਡਕਟ ਨਹੀਂ ਸਗੋਂ ਮਰਦ ਦਰਸ਼ਕ ਦੀ ਨਜ਼ਰ ਲਈ ਵਸਤੂ ਰੂਪ ਵਿਚ ਔਰਤ ਦੀ ਵਿੱਕਰੀ ਹੋ ਰਹੀ ਹੁੰਦੀ ਹੈ।

ਮਸ਼ਹੂਰੀ ਕੁੱਜੇ ਵਿਚ ਸਮੁੰਦਰ ਕੈਦ ਕਰਨ ਵਾਲੀ ਕਲਾ ਹੈ, ਜਿਸ ਤਹਿਤ ਬਹੁਤ ਘੱਟ ਸਮੇਂ ਵਿਚ ਸਿਰਜਣਾਤਮਕਤਾ ਜ਼ਰੀਏ ਵੱਡੀ ਗੱਲ ਆਖੀ ਜਾ ਸਕਦੀ ਹੈ। ਉਦਾਹਰਨ ਦੇ ਤੌਰ ਉੱਤੇ 2013 ਵਿਚ ਆਈ "ਹੈਵਨ ਫੈਨਜ਼" ਦੀ ਮਸ਼ਹੂਰੀ ਨੂੰ ਦੇਖਿਆ ਜਾ ਸਕਦਾ ਹੈ। ਇਸ ਵਿਚ ਪਤੀ-ਪਤਨੀ ਆਪਣਾ ਵਿਆਹ ਰਜਿਸਟਰਡ ਕਰਵਾਉਣ ਜਾਂਦੇ ਹਨ ਤਾਂ ਕਲਰਕ ਆਖਦੀ ਹੈ ਕਿ ਹੁਣ ਪਤਨੀ ਦੇ ਨਾਮ ਪਿਛੇ ਪਤੀ ਦਾ ਖਾਨਦਾਨੀ ਨਾਮ ਲੱਗੇਗਾ। ਪਤੀ ਤੁਰੰਤ ਉਸ ਨੂੰ ਟੋਕਦਾ ਹੈ ਕਿ ਪਤਨੀ ਨਾਮ ਨਹੀਂ ਬਦਲੇਗੀ ਸਗੋਂ ਉਹ ਪਤਨੀ ਦਾ ਖਾਨਦਾਨੀ ਨਾਮ ਆਪਣੇ ਨਾਮ ਨਾਲ ਜੋੜੇਗਾ। ਇਸ ਮਗਰੋਂ ਕਲਰਕ ਤੇ ਪਤਨੀ ਹੈਰਾਨੀ ਪਰ ਪ੍ਰਸ਼ੰਸਾ ਭਰੀ ਨਜ਼ਰ ਨਾਲ ਆਦਮੀ ਵੱਲ ਦੇਖਦੇ ਹਨ। ਇਸ ਮਸ਼ਹੂਰੀ ਦਾ ਮੁੱਖ ਵਾਕ (ਪੰਚ ਲਾਈਨ) 'ਜੋ ਹਵਾ ਬਦਲਦੇ... ਹੈਵਨ ਫੈਨ' ਹੈ। ਸੋ ਇਸ ਤਰ੍ਹਾਂ ਕੈਮਰੇ ਦੀ ਨਜ਼ਰ, ਥੋੜ੍ਹਾ ਜਿਹਾ ਸੰਗੀਤ ਅਤੇ ਕੁਝ ਲਫ਼ਜ਼ ਪੁਰਾਣੀਆਂ ਮਿੱਥਾਂ ਨੂੰ ਦਰੜ ਸਕਦੇ ਹਨ।

ਗੀਤਾਂ ਅਤੇ ਕਵਿਤਾਵਾਂ ਵਿਚ ਔਰਤ ਦੇ ਹੁਸਨ ਦੀ ਮਹਿਮਾ ਗਾਉਣ ਦੀ ਪ੍ਰਵਿਰਤੀ ਬਹੁਤ ਪੁਰਾਣੀ ਹੈ ਪਰ ਅਜੋਕੇ ਲੇਖਕਾਂ ਦੀ ਪ੍ਰਵਿਰਤੀ ਇਸ ਹੁਸਨ ਉੱਪਰ ਕਾਬਜ਼ ਹੋਣ ਦੀ ਜਾਂ ਇਸ ਨੂੰ ਭੰਡਣ ਦੀ ਹੈ। ਗੀਤਾਂ ਵਿਚ ਅਸ਼ਲੀਲਤਾ ਭਾਵੇਂ ਕੋਈ ਨਵਾਂ ਵਰਤਾਰਾ ਨਹੀਂ ਪਰ ਅਜੋਕੇ ਗੀਤਾਂ ਦੀਆਂ ਵੀਡੀਓਜ਼ ਨੇ ਹਾਲਾਤ ਬਦ ਤੋਂ ਬਦਤਰ ਕਰ ਦਿੱਤੇ ਹਨ। ਗੀਤ-ਵੀਡੀਓ ਨੌਜਵਾਨ ਪੀੜੀ ਨੂੰ ਟਾਰਗੈਟ ਕਰਦੇ ਕੇਵਲ ਮਨੋਰੰਜਨ ਹੀ ਨਹੀਂ ਕਰ ਰਹੇ ਹੁੰਦੇ ਸਗੋਂ ਉਨ੍ਹਾਂ ਸਮਾਜ ਵਿਚ ਕਿਵੇਂ ਵਿਚਰਨਾ ਹੈ ਅਤੇ ਦੂਜਿਆਂ ਨਾਲ, ਵਿਸ਼ੇਸ਼ ਤੌਰ 'ਤੇ ਔਰਤਾਂ ਨਾਲ ਕਿਸ ਤਰ੍ਹਾਂ ਵਰਤਣਾ ਹੈ, ਦੀ ਸੋਝੀ ਵੀ ਦੇ ਰਹੇ ਹੁੰਦੇ ਹਨ। ਹਿੰਦੀ ਸੰਗੀਤ ਜਗਤ ਤਾਂ ਦੂਰ ਪੰਜਾਬੀ ਗੀਤਾਂ ਦੀਆਂ ਵੀਡੀਓ ਵੀ ਅਸ਼ਲੀਲਤਾ ਦੀਆਂ ਹੱਦਾਂ ਟੱਪਦੀਆਂ ਜਾ ਰਹੀਆਂ ਹਨ। ਇਨ੍ਹਾਂ ਵੀਡੀਓਜ਼ ਵਿਚ ਕੈਮਰੇ ਦੇ ਸ਼ੋਟਜ਼, ਮਾਡਲਾਂ ਦੇ ਪਹਿਰਾਵੇ ਅਤੇ ਆਪਣੇ-ਆਪ ਨੂੰ ਗੈਂਗਸਟਰ ਕਹਾਉਣ ਵਾਲੇ ਗਾਇਕਾਂ ਦਾ ਮਾਡਲਾਂ ਪ੍ਰਤੀ ਆਨ ਸਕਰੀਨ ਵਤੀਰਾ ਸਾਡੇ ਸਭਿਆਚਾਰ ਦਾ ਅੰਗ ਨਹੀਂ. ਹਥਿਆਰਾਂ ਅਤੇ ਨਸ਼ਿਆਂ ਦੀ ਦਲਦਲ ਵਿਚ ਨੌਜਵਾਨਾਂ ਨੂੰ ਗਰਕ ਕਰਨ ਤੇ ਤੁਲੇ ਇਨ੍ਹਾਂ ਗੀਤਾਂ ਵਿਚ ਸਥਾਨਕ ਪਰੰਪਰਾਵਾਂ, ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਲੋਕਧਾਰਾਈ ਤੱਤਾਂ ਦਾ ਰੱਜ ਕੇ ਘਾਣ ਕੀਤਾ ਜਾਂਦਾ ਹੈ। ਅਜਕਲ ਕਈ ਵੈਬਸਾਈਟਾਂ ਤੇ ਪੋਰਨ ਵੀਡੀਓਜ਼ ਦੀ ਭਰਮਾਰ ਹੈ ਜਿਸਨੇ ਸਾਡੇ ਪੁੰਗਰਦੇ ਸਮਾਜ 'ਚ ਭਾਵਨਾਵਾਂ ਦਾ ਰੁੱਖ ਨਿਵਾਣ ਵਲ ਮੋੜਿਆ ਹੈ ਜਿਸਦੇ ਨਤੀਜੇ ਵਜੋਂ ਭਟਕਾਵ ਅਤੇ ਸੈਕਸ ਸੰਬੰਧੀ ਅਪਰਾਧਾਂ 'ਚ ਵਾਧਾ ਹੋਇਆ ਹੈ। ਅੱਜ ਇਨ੍ਹਾਂ ਚੀਜ਼ਾਂ ਤੇ ਸਰਕਾਰ ਜਾਂ ਕਿਸੇ ਵੀ ਜ਼ਰੀਏ ਨੱਥ ਪਾਉਣ ਦੀ ਫ਼ੌਰੀ ਲੋੜ ਹੈ।

ਅੱਜ ਔਰਤਾਂ ਪ੍ਰਤੀ ਵੱਧ ਰਹੇ ਅੱਤਿਆਚਾਰਾਂ ਦਾ ਇਕ ਵੱਡਾ ਕਾਰਨ 'ਸੰਵੇਦਨਸ਼ੀਲਤਾ ਦੀ ਕਮੀ' ਹੈ। ਸੰਵੇਦਨਸ਼ੀਲਤਾ ਦਾ ਅਰਥ ਦੂਸਰਿਆਂ ਦੇ ਦਰਦ ਨੂੰ ਆਪਣੇ ਮਨ ਤੱਕ ਮਹਿਸੂਸ ਕਰਨ ਤੋਂ ਹੈ। ਪਰ ਇਹ ਸੱਚ ਹੈ ਕਿ ਤਕਨੀਕ ਅਤੇ ਮਸ਼ੀਨਰੀ ਦੀ ਨਿਰਭਰਤਾ ਨੇ ਵਿਅਕਤੀ ਦੀ ਸਵੇਦਨਸ਼ੀਲਤਾ ਨੂੰ ਮਨਫ਼ੀ ਕੀਤਾ ਹੈ। ਪਰ ਇੱਥੇ ਜੇਕਰ ਅਸੀਂ ਨਿਰਪੱਖ ਨਜ਼ਰ ਨਾਲ ਘੋਖੀਏ ਤਾਂ ਸਾਰਾ ਦੋਸ਼ ਇਕੱਲੇ ਮੀਡੀਆ ਜਾਂ ਨਿਰਮਾਤਾ/ਨਿਰਦੇਸ਼ਕਾਂ ਦਾ ਨਹੀਂ। ਉਪਭੋਗੀ ਹੋਣ ਦੇ ਨਾਤੇ ਅਸੀਂ ਵੀ ਬਰਾਬਰ ਦੇ ਹੱਕਦਾਰ ਹਾਂ। ਔਰਤ ਜਾਂ ਸਭਿਆਚਾਰ ਵਿਰੋਧੀ ਸਕਰੀਨ ਪੇਸ਼ਕਾਰੀਆਂ ਦਾ ਕਲਾਤਮਕ ਪੇਸ਼ਕਾਰੀਆਂ ਨਾਲੋਂ ਵਧੇਰੇ ਪ੍ਰਚੱਲਤ ਅਤੇ ਸਫਲ ਹੋਣਾ ਇਸ ਤੱਥ ਅਤੇ ਸਾਡੇ ਦੋਗਲੇਪਣ ਦੀ ਗਵਾਹੀ ਭਰਦਾ ਹੈ।

ਦੂਸਰੇ ਪਾਸੇ ਇਹ ਵੀ ਕੋਰਾ ਸੱਚ ਹੈ ਕਿ ਔਰਤ ਜੇਕਰ ਖੁਦ ਵਿਕਣ ਨੂੰ ਤਿਆਰ ਹੁੰਦੀ ਹੈ ਤਦ ਹੀ ਉਸ ਦਾ ਵਸਤੂ ਰੂਪ ਵਿਚ ਬਾਜ਼ਾਰੀਕਰਨ ਕੀਤਾ ਜਾਂਦਾ ਹੈ। ਕਿਸੇ ਵੀ ਤਰ੍ਹਾਂ ਦੇ ਸਮਝੌਤਿਆਂ ਤੋਂ ਕਿਨਾਰਾ ਕਰ ਕੇ ਅਤੇ ਸ਼ਾਰਟ ਕੱਟ ਦੇ ਸਹਾਰੇ ਸਫਲਤਾ ਪਾਉਣ ਦੀ ਚਾਹਤ ਨੂੰ ਠੋਕਰ ਮਾਰ ਕੇ ਹੀ ਔਰਤ ਹੋਰ ਖੇਤਰਾਂ ਵਾਂਗ ਮੀਡੀਆ ਦੇ ਖੇਤਰ ਵਿਚ ਵੀ ਇੱਜ਼ਤ ਸਹਿਤ ਕਾਮਯਾਬੀ ਪਾ ਸਕਦੀ ਹੈ। ਔਰਤ ਨੂੰ ਚਾਹੀਦਾ ਹੈ ਕਿ ਉਹ ਆਪਣੇ ਹੁਸਨ ਦੀ ਬਜਾਇ ਹੁਨਰ ਦੇ ਬਲ ਉੱਤੇ ਦੁਨੀਆ ਨੂੰ ਚਕਾਚੌਂਧ ਕਰੇ। ਆਪਣੀ ਪ੍ਰਤਿਭਾ ਨਾਲ ਨਿਰਣਾ ਲੈਣ ਵਾਲੇ ਉੱਚ ਅਹੁਦਿਆਂ ਉੱਤੇ ਪਹੁੰਚ ਇਸ ਸੁੰਦਰਤਾ ਦੀ ਉਪਭੋਗਤਾ ਅਤੇ ਵਿਕਰੀ ਨੂੰ ਠੱਲ੍ਹ ਪਾਵੇ। ਫਿਰ ਯਕੀਨਨ ਸਕਰੀਨ ਉੱਪਰ ਸਰੀਰ ਨਹੀਂ ਤਸਵੀਰ ਅਤੇ ਹੁਨਰ ਹੀ ਨਜ਼ਰ ਆਵੇਗਾ।

ਸਾਡਾ ਵਿਰਸਾ ਤੇ ਇਸ ਤੋਂ ਵੀ ਅੱਗੇ ਦੀ ਗੱਲ ਕਰਦਾ ਹੈ। ਇਸ ਵਿਚ ਔਰਤ ਦੇ ਹੁਨਰ ਦੀ ਸੁਪਤ ਸ਼ਕਤੀ ਨੂੰ ਜਗਾਇਆ ਗਿਆ ਹੈ। ਸੇਵਾ, ਸਿਮਰਨ, ਵੀਰਤਾ, ਪ੍ਰਬੰਧਨ, ਸਿਰਜਨ ਆਦਿ ਅਨੇਕਾਂ ਖੇਤਰ ਮਧਕਾਲੀ ਸਿੱਖ ਵਿਰਸੇ ਦਾ ਅੰਗ ਰਹੇ ਹਨ ਜਿਨ੍ਹਾਂ 'ਚ ਔਰਤਾਂ ਦੇ ਹੁਨਰ ਦੀ ਬਾਕਮਾਲ ਪੇਸ਼ਕਾਰੀ ਹੋਈ ਹੈ। ਮਧਕਾਲ ਦੇ ਅਜਿਹੇ ਹੁਨਰਮਈ ਕਾਰਜਾਂ ਨੂੰ ਸਾਡਾ ਮੀਡੀਆ ਸੀਰੀਅਲ ਬਣਾ ਕੇ ਇਸਦੀ ਦਮਦਾਰ ਪੇਸ਼ਕਾਰੀ ਦੇ ਸਕਦਾ ਹੈ ਪਰ ਇਸ ਪਾਸੇ ਹੋਏ ਉਪਰਾਲੇ ਅਜੇ ਤੱਕ ਨਾਕਾਫੀ ਹਨ। ਅੱਜ ਲੋੜ ਹੈ ਵਿਸਰੇ 'ਚੋਂ ਔਰਤ ਦੇ ਇਨ੍ਹਾਂ ਕਲਾ-ਰੂਪਾਂ ਦੀ ਹੁਨਰਮਈ ਪੇਸ਼ਕਾਰੀ ਦੀ ਤਾਂ ਜੋ ਸਾਡਾ ਅੱਜ ਦਾ ਸਮਾਜ ਆਪਣੇ ਮਜ਼ਬੂਤ ਆਧਾਰ ਨਾਲ ਜੁੜਦਿਆਂ ਭਵਿੱਖੀ ਉਸਾਰ ਦਾ ਮਜ਼ਬੂਤ ਬੇੜਾ ਬੰਨ੍ਹ ਸਕੇ।

---

* ਰਿਸਰਚ ਸਕਾਲਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ

❖ ❖ ❖ ❖

# ਪ੍ਰੋ. ਪੂਰਨ ਸਿੰਘ ਅਤੇ ਉਹਨਾਂ ਦੇ ਜਪਾਨ ਨਾਲ ਸੰਬੰਧਾਂ ਬਾਰੇ ਹੋਇਆ ਲੈਕਚਰ




ਡਾ. ਜਸਵਿੰਦਰ ਸਿੰਘ, ਡਾ. ਦੀਪੀਂਦਰਜੀਤ ਰੰਧਾਵਾ, ਡਾ. ਮਹਿੰਦਰ ਸਿੰਘ ਅਤੇ ਪ੍ਰੋ. ਰਵੇਲ ਸਿੰਘ

ਨਵੀਂ ਦਿੱਲੀ, 22 ਫ਼ਰਵਰੀ 2021: ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵੱਲੋਂ ਪ੍ਰੋ. ਪੂਰਨ ਸਿੰਘ ਦੇ ਜਨਮ-ਦਿਵਸ ਦੇ ਸੰਬੰਧ ’ਚ ਉਹਨਾਂ ਦੇ ਜਪਾਨ ਸੰਬੰਧਾਂ ਤੇ ਲੈਕਚਰ ਦਾ ਆਯੋਜਨ ਕੀਤਾ ਗਿਆ। ਇਸ ਤਹਿਤ ਗੁਰੂ ਗੋਬਿੰਦ ਸਿੰਘ ਡਿਪਾਰਟਮੈਂਟ ਆਫ਼ ਰਿਲੀਜੀਅਸ ਸਟਡੀਜ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਸਿੱਖ ਅਧਿਐਨ ਖੇਤਰ ’ਚ ਅਸਿਸਟੈਂਟ ਪ੍ਰੋਫੈਸਰ ਡਾ. ਜਸਵਿੰਦਰ ਸਿੰਘ ਨੇ ‘ਏਸ਼ਿਆਈ ਵਿਵੇਕ ਅਤੇ ਪੰਜਾਬ ਦਾ ਜਪਾਨੀ ਸੰਬੰਧ: ਪ੍ਰੋ. ਪੂਰਨ ਸਿੰਘ ਅਤੇ ਥੰਡਰਿੰਗ ਡਾਨ’ ਵਿਸ਼ੇ ਤੇ ਲੈਕਚਰ ਦਿੱਤਾ। ਇਸ ਦੀ ਪ੍ਰਧਾਨਗੀ ਖਾਲਸਾ ਕਾਲਜ, ਪਟਿਆਲਾ ਦੇ ਐਸੋਸੀਏਟ ਪ੍ਰੋਫੈਸਰ ਡਾ. ਦੀਪੀਂਦਰਜੀਤ ਰੰਧਾਵਾ ਨੇ ਕੀਤੀ। ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਤੋਂ ਪ੍ਰੋ. ਰਵੇਲ ਸਿੰਘ ਇਸ ਪ੍ਰੋਗਰਾਮ ਦੇ ਕਨਵੀਨਰ ਸਨ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ-ਆਇਆਂ ਕਿਹਾ ਅਤੇ ਪ੍ਰੋ. ਪੂਰਨ ਸਿੰਘ ਦੀ ਕਵਿਤਾ ਦੇ ਬੋਲ ‘ਪੰਜਾਬ ਨ ਹਿੰਦੂ ਨ ਮੁਸਲਮਾਨ, ਪੰਜਾਬ ਵੱਸਦਾ ਗੁਰਾਂ ਦੇ ਨਾਂ ਤੇ’ ਤੋਂ ਆਪਣੀ ਗਲ ਸ਼ੁਰੂ ਕਰਦਿਆਂ ਉਸ ਅਜ਼ੀਮ ਸ਼ਖਸੀਅਤ ਬਾਰੇ ਬੋਲਦਿਆਂ ਕਿਹਾ-ਪੰਜਾਬੀ ਅਤੇ ਅੰਗ੍ਰੇਜ਼ੀ ’ਚ ਨਿਵੇਕਲੀ ਭਾਸ਼ਾ-ਸ਼ੈਲੀ ਦੇ ਲਖਾਇਕ ਪ੍ਰੋ. ਪੂਰਨ ਸਿੰਘ ਆਪਣੇ ਸਮੇਂ ਤੋਂ ਬਹੁਤ ਅੱਗੇ ਸੀ। ਇਹ ਸਾਡਾ ਦੁਰਭਾਗ ਹੈ ਕਿ ਅਸੀਂ ਉਨ੍ਹਾਂ ਵਲ ਉਨਾ ਧਿਆਨ ਨਹੀਂ ਦੇ ਸਕੇ ਜਿੰਨਾ ਦੇਣਾ ਚਾਹੀਦਾ ਸੀ ਤੇ ਅੱਜ ਫਿਰ ਲੋੜ ਹੈ ਅਸੀਂ ਉਹਨਾਂ ਨੂੰ ਮੁੜ ਵਾਚੀਏ ਤਾਂ ਜੋ ਅਸੀਂ ਉਨ੍ਹਾਂ ਦੇ ਬਹੁਪੱਖੀ ਤੇ ਇਕਾਗਰ ਵਿਚਾਰਾਂ ਤੋਂ ਭਲੀਭਾਂਤ ਵਾਕਿਫ਼ ਹੋ ਸਕੀਏ। ਡਾ. ਜਸਵਿੰਦਰ ਸਿੰਘ ਦਾ ਲੈਕਚਰ ਪ੍ਰੋ. ਪੂਰਨ ਸਿੰਘ ਦੀ ਜਪਾਨ ਫੇਰੀ ਨਾਲ ਸੰਬੰਧਤ ਸੀ। ਉੱਚ-ਅਧਿਐਨ ਦੇ ਮਕਸਦ ਨਾਲ ਜਪਾਨ ਗਏ ਪ੍ਰੋ. ਪੂਰਨ ਸਿੰਘ ਦਾ ਉੱਥੋਂ ਦੇ ਪ੍ਰਮੁੱਖ ਵਿਦਵਾਨਾਂ— ਡਾ. ਨਗਾਈ, ਓਕਾਕੂਰ ਕਾਕੂਜਾ, ਹਿਰਾਈ, ਨਾਗੂਚੀ ਆਦਿ ਨਾਲ ਸੰਬੰਧਾਂ ਦਾ ਸਵਿਸਤਾਰ ਖੁਲਾਸਾ ਕਰਦਿਆਂ ਉਨ੍ਹਾਂ ਸਵਾਮੀ ਰਾਮ ਤੀਰਥ ਦਾ ਵੀ ਜ਼ਿਕਰ ਕੀਤਾ ਜਿਨ੍ਹਾਂ ਦੀ ਸੰਗਤ ਨੇ ਉਨ੍ਹਾਂ ਨੂੰ ਬੋਧ ਸੰਨਿਆਸੀ ਬਣਾ ਦਿੱਤਾ। ਜਪਾਨ ’ਚ ਜਰਮਨੀ ਅਤੇ ਜਪਾਨੀ ਭਾਸ਼ਾ ਸਿੱਖਣ ਦੇ ਨਾਲ ਨਾਲ ਉਨ੍ਹਾਂ ਫਾਰਮਾਸਿਊਟੀਕਲ ਕੈਮਿਸਟਰੀ ’ਚ ਡਿਗਰੀ ਹਾਸਲ ਕੀਤੀ ਅਤੇ ਅਧਿਆਤਮ, ਕਾਵਿ ਅਤੇ ਲੇਖਨ ਦੇ ਖੇਤਰ ਨਾਲ ਵੀ ਸੰਬੰਧਤ ਰਹੇ। ਡਾ. ਜਸਵਿੰਦਰ ਸਿੰਘ ਨੇ ਉਨ੍ਹਾਂ ਰਾਹੀਂ ਸ਼ੁਰੂ ਕੀਤੇ ਜਨਰਲ **ਥੰਡਰਿੰਗ ਡਾਨ** ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਜਿਸ ਵਿਚ ਜਪਾਨ ਦੇ ਸਭਿਆਚਾਰ, ਧਰਮ, ਕੁਦਰਤ, ਮਾਨਵਤਾ ਤੇ ਸੁਹੱਪਣ ਦਾ ਭਲੀਭਾਂਤ ਪ੍ਰਗਟਾਵਾ ਹੁੰਦਾ ਸੀ ਅਤੇ ਇਹ ਪ੍ਰਗਟਾਵਾ ਪੰਜਾਬ ਆਉਣ ਤੋਂ ਬਾਅਦ ਵੀ, ਉਨ੍ਹਾਂ ਦੀ ਲਿਖਤਾਂ ’ਚ ਲਗਾਤਾਰ ਮਿਲਦਾ ਹੈ। ਸਭਾ ਦੇ ਪ੍ਰਧਾਨ ਡਾ. ਦੀਪੀਂਦਰਜੀਤ ਰੰਧਾਵਾ ਨੇ ਪ੍ਰੋ. ਪੂਰਨ ਸਿੰਘ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ ਅਜਿਹੀ ਸ਼ਖ਼ਸੀਅਤ ਕਿਹਾ ਜਿਨ੍ਹਾਂ ਸਮੈਨਵੈਵਾਦੀ ਪਹੁੰਚ ਅਪਣਾਉਂਦਿਆਂ ਅਧਿਆਤਮ ਅਤੇ ਆਧੁਨਿਕਤਾ ਦੀ ਇਕੱਠਿਆਂ ਗੱਲ ਕੀਤੀ। ਉਨ੍ਹਾਂ ਅਨੁਸਾਰ ਅੱਜ ਪੰਜਾਬ ਨੂੰ ਉਸ ਵਿਚੋਂ ਮਨਫ਼ੀ ਹੋਏ ਅਧਿਆਤਮਕ ਤੇ ਵਿਗਿਆਨਕ ਸਮੀਕਰਨਾਂ ਨੂੰ ਮੁੜ ਤੋਂ ਲਾਗੂ ਕਰਨ ਦੀ ਲੋੜ ਹੈ ਜਿਸ ਸਦਕਾ ਪੰਜਾਬ ਉਚਾਈਆਂ ਵਲ ਜਾਵੇਗਾ। ਪ੍ਰੋ. ਰਵੇਲ ਸਿੰਘ ਨੇ ਪੂਰਨ ਸਿੰਘ ਦਾ ਜ਼ਿਕਰ ਕਰਦਿਆਂ ਕਿਹਾ ਕਿ ਸਹੀ ਮਾਅਨਿਆਂ ’ਚ ਪੰਜਾਬੀ ਸਾਹਿਤ ਨੂੰ ਆਧੁਨਿਕ ਲੀਹਾਂ ਤੇ ਤੋਰਨ ਵਾਲਾ ਪੂਰਨ ਸਿੰਘ ਸੀ। ਉਨ੍ਹਾਂ ਖੁੱਲੀ ਸੋਚ ਰੱਖਦਿਆਂ ਪੰਜਾਬੀ ’ਚ ਖੁੱਲੀ ਕਵਿਤਾ ਦੀ ਪਿਰਤ ਪਾਈ। ਅੱਜ ਪ੍ਰੋ. ਪੂਰਨ ਸਿੰਘ ਨੂੰ ਉਨ੍ਹਾਂ ਦੀਆਂ ਲਿਖਤਾਂ ’ਚੋਂ ਮੁੜ-ਪਰਿਭਾਸ਼ਿਤ ਕਰਨ ਦੀ ਲੋੜ ਹੈ ਤੇ ਇਸ ਪਾਸੇ ਡਾ. ਜਸਵਿੰਦਰ ਸਿੰਘ ਦੀਆਂ ਖੋਜਾਂ ਨਿਸ਼ਚੇ ਹੀ ਇਕ ਮੀਲ ਪੱਥਰ ਹਨ। ਉਹਨਾਂ ਪ੍ਰੋਗਰਾਮ ’ਚ ਹਾਜ਼ਰ ਵਾਕਤਿਆਂ ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ❖

# Woman, the Soul and the Transcendent

❖ Sudip Minhas

Religious texts function within the domain of the sacred space a space rendered so sacrosanct that the academic approach to it is fraught with the dangers of *illegitimating* the practices of its cultural inception and interpretation. Do we treat religious texts as ordinary texts when it comes to interpretation? Is there a possibility of transcending historical interpretation? How do these texts retain their validity as spiritual guides through the ages?

My paper is an attempt to unravel the various levels at which the sign "woman" is used in the Guru Granth Sahib. To limit the scope of this paper I have restricted myself to *Rag Asa, Ashtpadis* and some parts of *Asa di Var* of the first Guru. It is more a matter of personal convenience and limitation though I am also aware that such an approach might lead one into the trap of defining the whole by examining a part.

The question of the representation of woman in the Guru Granth Sahib traverses a minefield of interpretations resting on the simplistic concept of a woman. For many an interpreter the very fact that the Guru Granth Sahib incorporates the woman as an ideal wife, mother and sister is enough to say that women are respected by the Sikhs. The contemporary issues then are deciphered within the paradigm of the roles assigned to an ideal woman in the Granth Sahib. On the other hand are other scholars who do not see the Guru Granth Sahib as apart and distinct from the general tenor the Bhakti period. They realize the limitations imposed by the metaphorical representations of women in the literature of the Bhaktas. The woman is seen as a beloved of the transcendental, the cultural paradigm of the subservient wife transposed to the transcendental relationship between the soul and God. If the tradition of the Bhaktas had already imposed this limitation on the Guru Granth Sahib then where was the possibility of re-interpretation of this text? Yet, one can attempt simple structural analysis to find out how the Guru Granth Sahib represents the woman in her numerous metaphorical perspectives and see whether these structures would allow a modern woman to relate to its text as an emancipatory tool?

Is woman merely a wife or a mother or is she so described figuratively to describe another relationship: that of the soul with the transcendental? Treating these metaphors as literal is bound to produce a mere reductive analysis of the text. This, in turn, becomes a trap for both conservative patriarchal fathers and liberal feminist sisters. This is the inherent flaw of considering the text as literally true in a metaphorical space. Guru Granth Sahib, however, makes transcendent encoding and decoding through metaphoric representations. Therein lies the answer to the question of how it has retained its validity as a spiritual Guru over the centuries.

The text of the Guru Granth Sahib reveals certain structures which are the semantic basis of this text. The predominant relationship within *Rag Asa and Ashtpadis* is that of the woman in wait for her transcendental Lord. This in turn is seen as the paradigmatic representation of the man-woman relationship in the social systems, where the Man/Husband was considered the God/ Lord and the woman as her inferior. When we closely analyse the relationship that is taken up in the Guru Granth Sahib we realize that not only are the cultural constructions not taken in their entirety and essence but they also serve as a critical comment on the existing structures. It is in its destination that the sign of the woman brings in the idea of the egalitarian world that this text so passionately espouses.

The trajectory of a woman's relationship that one encounters in the Guru Granth Sahib ranges from her parental family to her husband's family. She has her friends, her female companions and her own family before she gets into her husband's family. All these relationships are set against her one true relationship with her transcendental husband, the others are merely worldly attachments. The relationship between her and her transcendental husband is symbolized on the conjugal bliss of a perfect worldly marriage. On page 377 of the Guru Granth Sahib, the bride is seen as discarding her worldly attachments as well as other evils such as lust, wrath, avarice etc. and humbly invoking her Lord to accept her. A symbol/metaphor of the real life bride leaving her life of single-hood, of her carefree days to take on the responsibility of her husband's family. The image of a bride is then metonymically transposed to that of the soul. Yet, one is still interested in the manner in which the Guru Granth Sahib employs metaphorical representations to serve as a commentary as well as an ideal. This metaphor functions at these two levels at the

same time. It is a soul's journey towards the Ultimate and also a woman's self realization. On the surface this ideal bride is seen as someone eagerly keen to please her husband, forsake all the other relationships that she has known so far and remain in perpetual subjugation. *Dasan ki hoi dasri* (377). Not a very inspiring view for the modern woman as far as looking for a relevant role model in the Guru Granth Sahib. The answer lies in looking at the progression of this woman towards attaining her ideal relationship with the husband. She has two kinds or relationships other than with her beloved. One that she has developed with her own free will, her friends and companions and later her beloved (not the same as her husband who becomes her beloved only after she has discovered herself, nor even by betrothing him). Then there are those relationships which are a part of her kinship structure, her parental home and her in-laws' home. Things become clear the moment we see these two sets of relationships as separate and set apart from each other and the way the bride relates to them.

The former relationships remain intact even when she has achieved the ideal and the latter are forsaken or overcome for the freedom of her soul. The relationships within her home and her in-laws' home are the ones where she is hierarchically placed vis-à-vis others in a position of subjugation. These relationships once forsaken allow her to flourish and on the other hand her friends and companions are the ones who share the secret of her union with her beloved "Listen thou, O my mate, this is the toil of mine" (p. 384). This union which is passionate and replete with sexual imagery is conventionally shared with women friends in the culture. "My mind is reconciled to the beloved and my fever has poisoned itself to death" (p. 378). The companions then serve as the bride's allies in her joyous moment of celebrating her union. Her friends have now stopped complaining as they have also come to know of her union. "Gone are the upbraiding of my friends and mates" (p. 384).

This state of her blissful union is also important in determining the concept of a perfect bride. She has through this union raised her caste. "A low pariah woman becomes a high caste lady…" (p. 381). Once her doubts have been dispelled she also rises above subservience. "My doubt is dispelled and the Guru has united me with my beloved … My Beloved drawing me near has seated me on the couch, and I have escaped other people's subservience" (p. 384). She has also given up dualities. "The fearful load of the sins of many births has vanished and the doubt of duality is also gone" (p. 382). There's the life of a house-holder which is wrought with anxiety and there is the life of a hermit who suffers from pride. It is the ideal woman's house where there is peace, "Within my home there is peace…" (p. 385). The worldly house-hold is representative of the oppressive system of kinship relations which become a major cause of anxiety and if she were to forsake this for the hermit's life she would be conceited to think of her sacrifice as a path to salvation. What comes across is the important feature of this woman's identity. She remains in this world and performs her worldly functions but in a state of detached aloneness. She is then self sufficient and not dependant for her identity as any other person "With people I have but artificial dealings. My ties are but external and I am happy with all like the lotus in water, I live separate from them" (p. 384). Though this is achieved only after her union with the transcendent one, but his True Name is within her and not without. That is the reason the Perfect Guru has shown the One Lord within and without. (p. 384)

This Bride maintains and aspires for a relationship with her cosmic Guru in personal and very intimate terms. This intimacy reveals a relationship in which she becomes an active agent rather than a passive recipient of her husband's love. Her longings and her desires are her own and though there are references to her efforts to please her husband ultimately it is also an effort to fulfill her own desires. This view of a demanding, desiring soul-bride borrows a potent symbol of a woman's sexuality which hitherto remained suppressed and without expression. There are also references to her menstrual cycles though it conforms to connote these as unholy polutants but again. A closer look reveals that it is not entirely so. "As a woman has her recurring monthly menses, so does falsehood dwell in the mouth of the false one and he is ever, ever distressed" (p. 472). Falsehood is shown as constant like the menstrual cycle of a woman but the very next verse makes it clear that though one can be seen as a bodily impurity which can be cleansed by bathing the other is the impurity of the mind which is beyond cleansing. So what one should endeavour for is to clear the mind of its impurities and not create rituals of exclusion, like the one relating a woman who is having her monthly cycle and is therefore banished from the public realm.

A woman's body and her ornaments are described in great detail in the Guru Granth Sahib. It is almost a celebration of her body and the way in which she beautifies her body. "I will adorn my neck with garland of flowers…" (p. 359) "If she kindles the lamp of Divine Knowledge in her mind's mansion and makes her body the couch, he (her spouse) enjoys her" (p. 359). The material body is used as a metaphor for the beautiful soul. Every material aspect of her culture, her clothes and her body become a symbol of her inner beauty. As Nikki Guninder says "the bride's ritual embellishments

embody the sanctification of the human personality. Her bodily adornment is representative of her mental purification…" (Nikki, 94). My argument is that the woman in the Guru Granth Sahib becomes such a potent symbol in all her aspects that the very act of giving her a voice, a space and a humanness that is otherwise missing in the cultural space, is an act of empowerment.

This humanness can be assessed from the fact that this symbol is used in many ways other than that of a pure soul. She is not the pure and unembellished figure of a goddess, but instead is also associated with the human failings though most of the times these only confirm the stereotypical attributes such as Pride, Lust, Conceit and Avarice often associated with the feminine. Allowing women to be equal participants even of the negative values, in a way, evens out the perspective that the Guru Granth Sahib projects.

Another factor that makes the position of a woman of equal importance in the social structure is the aspect of Divine Knowledge. The bride traverses the path towards this divine knowledge through the various stages of separation. She has to rise above the bondages of the material world. Having stilled her ego and avarice, "the bride enjoys her groom on the comfortable couch" (p. 426). She has to forsake the bondages of worldly relationships and this takes place after she has experienced death in living. It is in this state of non-existent—existence, what I have termed as separateness and alone-ness earlier, that the Divine knowledge is manifested. This Divine knowledge then reveals the transcendental Guru as being within and not without. "The pious persons understand their own self, and they contemplate over the Lord, and through the true Name meet Him" (p. 429). So this Divine knowledge is manifested in self knowledge. It allows women then to become participants of an activity which no longer is limited by the function of her body and her social roles. She has as much a right to the divine, if not more, as any other. In a very complex manner this path to the Divine is not through simple renunciation because then the hermit would not be accused of false pride. She has to understand the body as it is, the body which has a primal relationship with the soul "O body, with the soul, thou art engaged in frolics. In her company thou comest in contact with every one" (p. 390); even though the body functions only because of the soul. Again the relationship of the soul with the eternal is portrayed in sexual terms there is ample mention of the couch of love-making, the union is blissful and conjugal and there is the intense longing of the bride. Therefore the body and its desires become a metaphor for depicting this union. The semantics of the soul function at the level of the body. The body thus cannot be denied its validity.

My argument so far rests on showing that the woman as depicted in the Guru Granth Sahib is blessed with all the faculties that makes her a perfect human creation of God. She is neither exalted like the Devi and thus loses her humanity nor is she debased. She is as much a creation of the Divine and Nature as are the other creatures of the world. Her function as a mother is not of primal importance, it is a function which is performed equally by all the female of the known species. "The sources of creation, egg-born, womb-born, earth-born and sweat-born, and oceans, mountains and sentient beings; He the Lord knows their condition, O Nanak" (p. 467). Thus, in a way, the role of the mother is mystified. If a woman then cannot be understood through the role that she performs, she is freed from the limitation imposed upon her. She at once has endless possibilities available to her.

Finally the famous hymn in the *Asa Di Var* puts everything in perspective. The woman is called the *Bhand*, a vessel that is creativity in all its aspects. Structurally this hymn juxtaposes her social position with that of her importance. It says that the woman is sought after at every stage by man and yet he refuses to acknowledge her value. She is considered defiled *(manda)*, when she gives meaning to every thing that man seeks. She is the friend he seeks, the procreator he needs to further his kind, the one who controls as well as satisfies his passions. She is the one he is constantly in search of. She it is who should be praised for giving birth even to kings. She also need be praised for giving birth to women. She becomes the central creative metaphor. Only the formless can be without the woman as no form exists without her. It might appear as a contradiction because all along we have seen how the relationship of the formless is manifest in the material relations of the form. But if that is so then how can the formless be comprehended without the form. In fact the Lord enjoys the bride (metaphorical) "If she kindles the lamp of Divine knowledge in her mind's mansion and makes her body the couch then, when the King of Divinity comes to her couch, He enjoys her" (p.359). The contradictions dissolve the moment we understand that the Guru Granth Sahib maintains an underlying structural unity in the way pairs are created and positioned. The soul and the transcendental are modeled on the bride husband relationship. One cannot exist without the other. The transcendental is within the soul and not without. This is the final culmination of the duality. Likewise man does not exist without the woman. As long as she is understood as the Other, the defiled, the debased even man would have no meaning. There has to be a union of the equals in order to overcome duality. As long as the woman remains subjugated humanity can never aspire for the transcendental experience.

- Courtesy: *Guru Granth Sahib & Its Context*

❖ ❖ ❖ ❖

ਖਾਲਸਾ ਸਮਾਚਾਰ
੧੦੦ ਸਾਲ ਪਹਿਲਾਂ
ਹਫ਼ਤਾਵਾਰ ਪੰਜਾਬੀ ਪਰਚਾ

10 ਮਾਰਚ, 1921

## ਨਨਕਾਣੇ ਸਾਹਿਬ ਦਾ ਮਹੰਤ ਹਵਾਲਾਤ ਵਿਚ

ਹੇਠ ਲਿਖੇ ਭਾਵ ਦਾ ਸਰਕਾਰੀ ਏਲਾਨ ਪ੍ਰਕਾਸ਼ਿਤ ਹੋਇਆ ਹੈ "ਇਸਤਰਾਂ ਦੇ ਗ਼ਲਤ ਬਿਆਨ ਫੈਲਾਏ ਜਾ ਰਹੇ ਹਨ ਕਿ ਮਹੰਤ ਨਾਰਾਇਣ ਦਾਸ ਦੇ ਨਾਲ, ਜੋ ਨਨਕਾਣੇ ਸਾਹਿਬ ਦੇ ਮੁਕਦਮੇਂ ਵਿਚ ਖਾਸ ਮੁਲਜ਼ਮ ਹੈ ਸੰਟਰਲ ਜੇਲ ਵਿੱਚ ਰਿਆਇਤ ਵਰਤੀ ਜਾ ਰਹੀ ਹੈ। ਅਸਲ ਗੱਲ ਇਹ ਹੈ ਕਿ ਇਸਨੂੰ ਕਦੇ ਯੂਰਪੀਅਨ ਵਾਰਡ ਵਿਚ ਨਹੀਂ ਰਖਜ਼ਾ ਗਿਆ ਤੇ ਨਾ ਹੀ ਹੁਣ ਯੂਰਪੀਅਨ ਵਾਰਡ ਵਿਚ ਹੈ, ਉਸ ਨੂੰ ਮਾਮੂਲੀ ਫਾਂਸੀ ਵਾਲੀ ਕੋਠੜੀ ਵਿੱਚ ਰਖਜ਼ਾ ਗਿਆ ਹੈ, ਤੇ ਇਸਦੀ ਨਿਗਰਾਨੀ ਵਾਸਤੇ ਖਾਸ ਗਾਰਡ ਨੀਯਤ ਹੈ, ਕਿਉਂਕਿ ਪੁਲਸ ਦੀ ਇੱਛਾ ਹੈ ਕਿ ਇਸ ਨੂੰ ਇਸ ਮੁਕਦਮੇਂ ਦੇ ਕੁਲ ਦੋਸ਼ੀਆਂ ਤੋਂ ਅੱਡ ਰੱਖਜ਼ਾ ਜਾਏ, ਪਹਿਲੇ ਦਿਨ 21 ਫਰਵਰੀ ਨੂੰ ਜਦ ਉਸਨੂੰ ਜੇਲ੍ਹ ਵਿਚ ਰੱਖਯਾ ਗਿਆ ਸੀ ਉਸਦੇ ਮਿੱਤਰਾਂ ਨੇ ਪੱਕੀ ਹੋਈ ਰੋਟੀ ਭੇਜੀ ਸੀ, ਫਿਰ ਉਸ ਨੂੰ ਜੇਲ੍ਹ ਦੀ ਮਾਮੂਲੀ ਖੁਰਾਕ ਦਿੱਤੀ ਜਾਂਦੀ ਰਹੀ, ਬਾਹਰੋਂ ਕਿਸੇ ਤਰ੍ਹਾਂ ਦਾ ਖਾਣਾ ਨਹੀਂ ਆਇਆ। 28 ਫਰਵਰੀ ਨੂੰ ਇੱਕ ਵਕੀਲ ਵੱਲੋਂ 40 ਰੁਪਏ ਪੁੱਜੇ, ਖਾਣ ਦੇ ਖਰੀਦਣ ਦਾ ਪ੍ਰਬੰਧ ਕੀਤਾ ਗਿਆ ਜੋ ਜੇਲ੍ਹ ਵਿਚ ਪਕਾਇਆ ਜਾਵੇਗਾ, ...ਕੈਦੀਆਂ ਨੂੰ ਇਜਾਜ਼ਤ ਹੁੰਦੀ ਹੈ ਕਿ ਜੇ ਚਾਹੁਣ ਤਦ ਆਪਣੇ ਖਾਣ ਦਾ ਪ੍ਰਬੰਧ ਕਰ ਸੱਕਣ, ਨਾਰਾਇਣ ਦਾਸ ਨਾਲ ਕੋਈ ਵੱਖਰਾ ਸਲੂਕ ਨਹੀਂ ਕੀਤਾ ਗਿਆ।

## ਨਨਕਾਣੇ ਸਾਹਿਬ ਵਿਚ ਫੌਜ

ਨਨਕਾਣੇ ਸਾਹਿਬ ਵਿਚ ਫੌਜ ਗਈ ਹੈ, ਇਰਦ ਗਿਰਦੇ ਦੇ ਪਿੰਡਾਂ ਵਿਚ ਫਿਰੀ ਹੈ, ਸਰਕਾਰੀ ਕਮਯੂਨਕ ਦੱਸਦਾ ਹੈ ਕਿ ਕਈ ਭੈੜੇ ਲੋਕਾਂ ਨੇ ਭੀੜ ਵਿਚ ਜਾਕੇ ਨਾਮੁਨਾਸਬ ਕੰਮ ਕੀਤੇ ਹਨ, ਜਿਸਤੋਂ ਲੋਕ ਭੈ ਭੀਤ ਹੋਕੇ ਪਿੰਡਾਂ ਤੋਂ ਨੱਸੇ ਹਨ। ਸਰਕਾਰ ਦਾ ਧਰਮ ਹੈ ਪ੍ਰਬੰਧ ਕਰਨਾ ਤੇ ਪਰਜਾ ਦੇ ਹਰ ਹਿੱਸੇ ਦੇ ਭੈ ਦੂਰ ਕਰਨੇ, ਪਰ ਸਰਕਾਰ ਭੀ ਇਨਸਾਨਾਂ ਦੀ ਹੈ ਤੇ ਸਰਕਾਰ ਦੇ ਕਰਮਚਾਰੀ ਭੀ ਇਨਸਾਨ ਹਨ, ਇਸ ਕਰਕੇ ਬੜੀ ਖਬਰਦਾਰੀ ਦੀ ਲੋੜ ਹੈ ਕਿ ਅਮਨ ਦਾ ਪ੍ਰਬੰਧ ਕਰਦਿਆਂ ਕਿਸੇ ਬੇਗੁਨਾਹ ਨੂੰ ਤਕਲੀਫ ਨਾਂ ਹੋ ਜਾਵੇ ਤੇ ਖਬਰਾਂ ਘੱਲਨ ਵਾਲਿਆਂ ਦੀਆਂ ਖਬਰਾਂ ਦੀ ਪੜਤਾਲ ਹੋਵੇ ਤੇ ਪ੍ਰਬੰਧਕ ਕਮੇਟੀ ਦੇ ਸੱਜਨਾਂ ਤੋਂ ਹਾਲਾਤ ਦਰਯਾਫਤ ਕੀਤੇ ਜਾਣ। ਸਿੱਖਾਂ ਦੇ ਦਿਲ ਇਸ ਵੇਲੇ ਬੜੇ ਆਜ਼ੁਰਦਾ ਹਨ, ਇਹਨਾਂ ਤੇ ਮਲ੍ਹਮ ਰੱਖਣ ਦੀ ਲੋੜ ਹੈ, ਕੋਈ ਕਦਮ ਸਰਕਾਰ ਨੂੰ ਦੁਵੱਲੀ ਦਰਯਾਫਤ ਤੋਂ ਬਿਨਾਂ ਨਹੀਂ ਚੁਕਣਾ ਚਾਹੀਏ। ਤਅੱਜਬ ਨਹੀਂ ਕਿ ਨਨਕਾਣੇ ਸਾਹਬ ਗਈਆਂ ਸੰਗਤਾਂ ਵਿਚ ਕਸਾਈ ਦਿਲ ਬਦਮਾਸ਼ ਭੀ ਚਲੇ ਗਏ ਹੋਣ। ਜੇ ਜੱਲਯਾਂਵਾਲੇ ਬਾਗ ਦੇ ਮਕਤੂਲਾਂ ਦੇ ਖੀਸੇ ਖੋਜਣ ਵਾਸਤੇ ਸੰਗਦਿਲ ਅੱਪੜੇ ਸਨ, ਜੇ ਭੁਚਾਲ ਦੇ ਕੈਹਰ ਵੇਲੇ ਲੁਟੇਰੇ ਦਿਲ ਮੌਜੂਦ ਸਨ ਤਦ ਉਸੇ ਕੁਮਾਸ਼ ਦੇ ਲੋਕ ਨਨਕਾਣੇ ਸਾਹਬ ਦੇ ਜਾਨਕਾਹ ਵਾਕਿਆ ਤੇ ਕਦ ਤਰਸ, ਦਇਆ ਤੇ ਮੋਮ ਦਿਲੀ ਤੇ ਆ ਸਕਦੇ ਹਨ। ਖਬਰਦਾਰੀ ਦੀ ਲੋੜ ਹੈ ਤਾਂ ਇਹ ਕਿ ਇਹਨਾਂ ਵਾਕਿਆਂ ਕਰਕੇ ਸਿੱਖਾਂ ਨੂੰ ਖੇਚਲ ਨਾ ਪੁਜ ਜਾਵੇ। ਦੂਸਰੇ ਜੋ ਸੰਗਤਾਂ ਨਨਕਾਣੇ ਸਾਹਿਬ ਜਾ ਰਹੀਆਂ ਹਨ, ਇਹ ਸਿੱਖਾਂ ਦਾ ਕੁਦਰਤੀ ਜਜ਼ਬਾ ਸੀ, ਹੁਣ ਹਰ ਦਿਨ ਆਵਾ ਜ਼ਾਈ ਘਟ ਹੈ ਤੇ ਇਸਨੇ ਘਟ ਜਾਣਾ ਹੈ, ਇਸਤੋਂ ਘਬਰਾਨਾ ਵਾਜਬ ਨਹੀਂ। ਤੀਸਰੇ ਜੋ ਅਸੈਹ ਘਟਨਾਂ ਨਨਕਾਣੇ ਸਾਹਬ ਹੋਈ ਉਸਦਾ ਅੰਦਰੂਨੀ ਹਾਲ ਅਜੇ ਪਤਾ ਨਹੀਂ ਲੱਗਾ, ਕੀ ਜਾਣੀਏ ਉਹ ਸਾਜ਼ਸ਼ ਹੋਵੇ ਅਰ ਅਜੇ ਉਸ ਤਾਕਤ ਦਾ ਕੋਈ ਬਕੀਆ ਹੋਵੇ ਤੇ ਮੁੜ ਸਿੱਖਾਂ ਦੇ ਸਿਰ ਕੋਈ ਹੋਰ ਬਲਾ ਟੁੱਟ ਪਵੇ, ਇਸ ਕਰਕੇ ਸਰਕਾਰ ਨੂੰ ਵਧੇਰੇ ਫਿਕਰ ਮੰਦਰ ਤੇ ਸਿੱਖਾਂ ਦੀ ਰਾਖੀ ਦਾ ਲੋੜੀਏ, ਜਦ ਤਕ ਗੱਲ ਦੀ ਤੈਹ ਨਹੀਂ ਲੱਭਦੀ ਸਰਕਾਰ ਦਾ ਕੰਮ ਬੜੀ ਗੰਭੀਰਤਾ, ਦੂਰੰਦੇਸ਼ੀ, ਫਰਾਖ ਦਿਲੀ ਤੇ ਏਹਤਯਾਤ ਹੋਣਾ ਲੋੜੀਂਦਾ ਹੈ।

## ਨਨਕਾਣਾ ਸਾਹਿਬ ਦਾ ਸਾਕਾ ਤੇ ਕਾਨਫ੍ਰੰਸ

ਸਾਰੇ ਜੱਗ ਤੋਂ ਚੰਗਾ ਸਥਾਨ ਸਾਡਾ,
ਸਾਰੇ ਕਹਿਨ ਨਨਕਾਣਾ ਦਰਬਾਰ ਪਿਆਰੇ।
ਜਿਥੇ ਨੂਰ ਵੁੱਠਾ ਨਾਨਕ ਗੁਰੂ ਜੀ ਦਾ,
ਜਿਥੇ ਵਸਿਆ ਅੰਮ੍ਰਿਤ ਸੀ ਠਾਰ ਪਿਆਰੇ।
ਹਾਇ ਇਥੇ ਕਿਉਂ ਹੋਇਆ ਹੈ ਕੈਹਰ ਭਾਰੀ,
ਜੇਹੜਾ ਸੁਣਿਆਂ ਨ ਅੱਗੇ ਸੰਸਾਰ ਪਿਆਰੇ।
ਕਾਨੂੰ ਹੋਇਆ ਉਪੱਦ੍ਰਵ ਇਹ ਖ਼ੂਨ ਭਰਿਆ
ਸਾਰੇ ਲੋਕ ਕਰਦੇ ਹਾ ਹਾ ਕਾਰ ਪਿਆਰੇ।
ਬਾਬਾ ਨਾਨਕ ! ਏ ਕੌਤਕ ਕੀ ਵਰਤਿਆ ਹੈ,
ਏ ਭੀ ਤੇਰੇ ਹੀ ਰੰਗ ਕਰਤਾਰ ਪਿਆਰੇ।
'ਸੌਦਾ ਖਰਾ' ਜਾ ਕੀਤਾ ਸੀ ਤੁਸਾਂ ਇਥੇ,
ਧੱਪੇ ਆਪ ਨੂੰ ਲੱਗੇ ਸੀ ਚਾਰ ਪਿਆਰੇ।
ਤੇਰੇ ਸਿੱਖ ਅਜ ਕਰਨ ਗਏ ਖਰਾ ਸੌਦਾ,
ਸਾਰੇ ਆਏ ਨੀ ਜਾਨਾਂ ਨੂੰ ਵਾਰ ਪਿਆਰੇ।
ਪਾਪੀ ਵੱਡੇ ਕਸਾਈ ਮਹੰਤ ਰਾਕਸ਼ ,
ਦਿੱਤਾ ਕੋਹ ਕੇ ਤਲ ਅੰਗਾਰ ਪਿਆਰੇ।
ਤੇਰੀ ਜਗ੍ਹਾ ਤੇ ਪਾਪੀ ਸੀ ਪਾਪ ਕਰਦੇ,
ਸਕੇ ਸਿੱਖ ਨ ਜਦੋਂ ਸਹਾਰ ਪਿਆਰੇ।
ਉਲਟਾਂ ਇਨ੍ਹਾਂ ਮਹੰਤਾਂ ਨੇ ਸਿੱਖ ਤੇਰੇ,
ਦਿੱਤੇ ਬੁੱਚੜਾਂ ਵਾਂਗੂ ਹੀ ਮਾਰ ਪਿਆਰੇ।
ਜਾਨਾਂ ਵਾਰੀਆਂ ਸਿੱਖਾਂ ਨੇ ਹੱਸ ਹੱਸ ਕੇ,
ਬੇੜਾ ਪੰਥ ਦਾ ਕਰੀਂ ਹੁਣ ਪਾਰ ਪਿਆਰੇ।
ਸਿੰਘ ਗੱਜਨ ਨਨਕਾਣੇ ਦੇ ਵਿਚ ਹੁਣ ਤਾਂ
ਪਾਪੀ ਜੇਲਾਂ ਦੇ ਵਿਚ ਲਚਾਰ ਪਿਆਰੇ।
ਭਾਵੇਂ ਮਹਿੰਗਾ ਏ ਪਿਆ ਹੈ ਢੇਰ ਸੌਦਾ,
ਜਾਨਾਂ ਲੱਗੀਆਂ ਬੇਸ਼ੁਮਾਰ ਪਿਆਰੇ।
ਆਯਾ ਕੁਲ ਨਨਕਾਣਾ ਹੁਣ ਹੱਥ ਸਾਡੇ,
ਪਜਾਰਾ ਖ਼ੂਨ ਹੋਯਾ ਸਫਲਾਰ ਪਿਆਰੇ।
ਵਿਚ ਕੀਰਤ ਸ਼ਹੀਦ ਏ ਰਹਿਨ ਜ਼ਿੰਦਾ,
ਕੀਤਾ ਪਾਊ ਦੋਸੀ ਫਿਟਕਾਰ ਪਿਆਰੇ।
ਫਤੇ ਵਾਹਗੁਰੂ ਸਿੰਘਾਂ ਦੀ ਹੋਈ ਆਖਰ,
ਸਿੱਖ ਵਧਨਗੇ ਲੱਖਾਂ ਹਜ਼ਾਰ ਪਿਆਰੇ।
ਸਿੰਘ ਜੁੜਨਗੇ ਕਾਨਫਰੰਸ ਉੱਤੇ,
ਧਾਈ ਕਰੋ ਹੁਣ 'ਪੂਰੇ-ਹੁਸ਼ਜ਼ਾਰ ਪਿਆਰੇ।

**– ਸੰਤੋਖ ਸਿੰਘ**

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੭੯, ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੫੨੩}

**ਮੂਲ** | ਰਾਗੁ ਵਡਹੰਸੁ ਮਹਲਾ ੫ ਛੰਤ ਘਰੁ ੪ ੴ ਸਤਿਗੁਰ ਪ੍ਰਸਾਦਿ॥ | **ਅਰਥ**

ਗੁਰ ਮਿਲਿ ਲਧਾ ਜੀ ਰਾਮੁ ਪਿਆਰਾ ਰਾਮ॥ ਇਹੁ ਤਨੁ ਮਨੁ ਦਿਤੜਾ ਵਾਰੋ ਵਾਰਾ ਰਾਮ॥ ਤਨੁ ਮਨੁ ਦਿਤਾ ਭਵਜਲੁ ਜਿਤਾ ਚੂਕੀ ਕਾਂਣਿ ਜਮਾਣੀ॥ ਅਸਥਿਰੁ ਥੀਆ ਅੰਮ੍ਰਿਤੁ ਪੀਆ ਰਹਿਆ ਆਵਣ ਜਾਣੀ॥ ਸੋ ਘਰੁ ਲਧਾ ਸਹਜਿ ਸਮਧਾ ਹਰਿ ਕਾ ਨਾਮੁ ਅਧਾਰਾ॥ ਕਹੁ ਨਾਨਕ ਸੁਖਿ ਮਾਣੇ ਰਲੀਆਂ ਗੁਰ ਪੂਰੇ ਕੰਉ ਨਮਸਕਾਰਾ॥੧॥

ਹੇ ਜੀਓ ਜੀ! ਗੁਰੂ ਨੂੰ ਮਿਲਕੇ (ਮੈਨੂੰ) ਪਿਆਰਾ ਰਾਮ ਲੱਭ ਪਿਆ ਹੈ, (ਉਸ ਤੋਂ ਮੈਂ) ਇਹ ਤਨ ਤੇ ਮਨ ਸਦਕੇ ਕਰ ਦਿੱਤਾ ਹੈ; ਹਾਂ, ਤਨ ਮਨ ਦਿੱਤਾ (ਤਾਂ) ਭਵ ਸਾਗਰ (=ਸੰਸਾਰ) ਨੂੰ ਜਿੱਤ ਲੀਤਾ ਤੇ ਜਮਾਂ ਦੀ ਕਾਣ ਚੁੱਕ ਗਈ (ਭਾਵ ਮੌਤ ਦਾ ਭੈ ਦੂਰ ਹੋ ਗਿਆ। ਨਾਮ) ਅਮ੍ਰਿਤ ਪੀਤਾ ਹੈ, ਜਨਮ ਮਰਨ ਚੁਕ ਗਿਆ ਹੈ (ਤੇ) ਅਮਰ ਹੋ ਗਿਆ ਹਾਂ। ਸਹਜ (ਅਵਸਥਾ) ਵਿਚ ਲੀਨ ਰੱਖਣ ਵਾਲਾ ਉਹ ਟਿਕਾਣਾ ਲੱਭ ਪਿਆ ਹੈ (ਜਿਸ ਦਾ) ਆਧਾਰ (=ਆਸਰਾ) ਹਰੀ ਦਾ ਨਾਮ ਹੈ। ਕਹਿੰਦੇ ਹਨ (ਸ੍ਰੀ ਗੁਰੂ) ਨਾਨਕ (ਦੇਵ ਜੀ, ਓਥੇ) ਸੁੱਖ ਵਿਚ ਹਾਂ ਤੇ ਖੁਸ਼ੀਆਂ ਮਾਣਦੇ ਹਾਂ, (ਇਸ ਲਈ) ਨਮਸਕਾਰ ਹੈ ਪੂਰੇ ਗੁਰੂ ਨੂੰ॥੧॥

ਸੁਣਿ ਸਜਣ ਜੀ ਮੈਡੜੇ ਮੀਤਾ ਰਾਮ॥ ਗੁਰਿ ਮੰਤ੍ਰੁ ਸਬਦੁ ਸਚੁ ਦੀਤਾ ਰਾਮ॥ ਸਚੁ ਸਬਦੁ ਧਿਆਇਆ ਮੰਗਲੁ ਗਾਇਆ ਚੂਕੇ ਮਨਹੁ ਅਦੇਸਾ॥ ਸੋ ਪ੍ਰਭੁ ਪਾਇਆ ਕਤਹਿ ਨ ਜਾਇਆ ਸਦਾ ਸਦਾ ਸੰਗਿ ਬੈਸਾ॥ ਪ੍ਰਭ ਜੀ ਭਾਣਾ ਸਚਾ ਮਾਣਾ ਪ੍ਰਭਿ ਹਰਿ ਧਨੁ ਸਹਿਜੇ ਦੀਤਾ॥ ਕਹੁ ਨਾਨਕ ਤਿਸੁ ਜਨ ਬਲਿਹਾਰੀ ਤੇਰਾ ਦਾਨੁ ਸਭਨੀ ਹੈ ਲੀਤਾ॥੨॥

ਹੇ ਮੇਰੇ ਮਿਤ੍ਰ, ਹੇ ਸਜਣ! (ਹੋਰ) ਸੁਣ (ਕਿ ਗੁਰੂ ਨੇ ਕਿਵੇਂ ਤਾਰਿਆ) ਗੁਰੂ ਨੇ ਸੱਚਾ ਨਾਮ ਮੈਨੂੰ ਮੰਤ੍ਰ ਦਿਤਾ, (ਉਹ) ਸੱਚਾ ਨਾਮ (ਮੈਂ) ਸਿਮਰਿਆ (ਅਤੇ ਉਸ ਪ੍ਰਭੂ ਦਾ) ਜਸ ਗਾਂਵਿਆਂ, (ਜਿਸ ਕਰਕੇ) ਮਨ ਵਿਚੋਂ ਤੌਖਲੇ ਦੂਰ ਹੋ ਗਏ, (ਕਿਉਂਕਿ) ਮੈਂ ਉਹ ਪ੍ਰਭੂ ਪਾ ਲਿਆ ਜੋ (ਮੈਨੂੰ ਹੁਣ ਛੱਡਕੇ) ਕਿਤੇ ਨਹੀਂ ਜਾਂਦਾ, ਸਦਾ ਸਦਾ (ਮੇਰੇ) ਨਾਲ ਵੱਸਦਾ ਹੈ। (ਸੋ ਜੋ) ਪ੍ਰਭੂ ਜੀ ਨੂੰ ਚੰਗਾ ਲਗ ਗਿਆ (ਉਸ ਨੂੰ) ਪ੍ਰਭੂ ਨੇ ਸੱਚਾ ਮਾਣ ਬਖਸ਼ਿਆ, (ਉਸੇ ਨੂੰ) ਹਰੀ (ਨਾਮ) ਰੂਪੀ ਧਨ ਸਹਜ ਅਵਸਥਾ ਵਾਲਾ ਬਖਸ਼ਿਆ। ਕਹਿੰਦੇ ਹਨ (ਗੁਰੂ) ਨਾਨਕ (ਦੇਵ ਜੀ) ਉਸ ਪੁਰਖ ਤੋਂ ਮੈਂ ਸਦਕੇ ਹਾਂ (ਜਿਸ ਤੋਂ) ਤੇਰੇ (ਨਾਮ ਦਾ) ਦਾਨ ਸਭਨਾਂ (ਲੋਕਾਂ) ਨੇ ਲੀਤਾ ਹੈ॥੨॥

ਤਉ ਭਾਣਾ ਤਾਂ ਤ੍ਰਿਪਤਿ ਅਘਾਏ ਰਾਮ॥ ਮਨੁ ਥੀਆ ਠੰਢਾ ਸਭ ਤ੍ਰਿਸਨ ਬੁਝਾਏ ਰਾਮ॥ ਮਨੁ ਥੀਆ ਠੰਢਾ ਚੂਕੀ ਡੰਝਾ ਪਾਇਆ ਬਹੁਤੁ ਖ਼ਜਾਨਾ॥ ਸਿਖ ਸੇਵਕ ਸਭਿ ਭੁੰਚਣ ਲਗੇ ਹੰਉ ਸਤਗੁਰ ਕੈ ਕੁਰਬਾਨਾ॥ ਨਿਰਭਉ ਭਏ ਖਸਮ ਰੰਗਿ ਰਾਤੇ ਜਮ ਕੀ ਤ੍ਰਾਸ ਬੁਝਾਏ॥ ਨਾਨਕ ਦਾਸੁ ਸਦਾ ਸੰਗਿ ਸੇਵਕੁ ਤੇਰੀ ਭਗਤਿ ਕਰੰਉ ਲਿਵ ਲਾਏ॥੩॥

ਤੈਨੂੰ ਭਾਇਆ ਤਾਂ ਪੂਰੀ ਤਰ੍ਹਾਂ ਰੱਜਕੇ ਤ੍ਰਿਪਤ ਹੋ ਗਏ ਹਾਂ, ਮਨ ਠੰਢਾ ਹੋ ਗਿਆ ਹੈ (ਤੇ) ਸਾਰੀ ਤ੍ਰਿਸ਼ਨਾ ਬੁਝ ਗਈ ਹੈ। (ਹਾਂ) ਮਨ ਠੰਢਾ ਹੋ ਗਿਆ ਹੈ, (ਤ੍ਰਿਸ਼ਨਾਂ ਰੂਪੀ) ਤ੍ਰੇਹ ਬੁਝ ਗਈ ਹੈ (ਤੇ ਨਾਮ ਰੂਪੀ) ਵੱਡਾ ਖ਼ਜ਼ਾਨਾ ਮਿਲ ਗਿਆ ਹੈ; (ਇਤਨਾ ਕਿ ਉਸ ਤੋਂ) ਸਿਖ ਸੇਵਕ ਸਭ (ਰਜ ਰਜ ਕੇ) ਖਾਣ ਲਗ ਪਏ ਹਨ, ਮੈਂ (ਆਪਣੇ) ਸਤਿਗੁਰੂ ਤੋਂ ਸਦਕੇ ਹਾਂ, (ਜਿਸ ਨੇ ਪ੍ਰਭੂ ਮਿਲਾਇਆ)। ਉਸ ਮਾਲਕ ਦੇ ਪ੍ਰੇਮ ਵਿਚ ਰੱਤੇ ਹੋਇਆਂ ਜਮ ਦਾ ਭੈ ਮਿਟ ਗਿਆ ਹੈ (ਤੇ) ਨਿਰਭਉ ਹੋ ਗਏ ਹਾਂ। (ਮੈਂ) ਦਾਸ ਨਾਨਕ (ਤੇਰੇ ਉਸ) ਸੇਵਕ ਦੇ ਸਦਾ ਸੰਗ ਵਿਚ ਹੋਕੇ ਤੇਰੀ ਭਗਤੀ ਲਿਵ ਲਾ ਕੇ ਕਰ ਰਿਹਾ ਹਾਂ॥੩॥

ਪੂਰੀ ਆਸਾ ਜੀ ਮਨਸਾ ਮੇਰੇ ਰਾਮ॥ ਮੋਹਿ ਨਿਰਗੁਣ ਜੀਉ ਸਭਿ ਗੁਣ ਤੇਰੇ ਰਾਮ॥ ਸਭਿ ਗੁਣ ਤੇਰੇ ਠਾਕੁਰ ਮੇਰੇ ਕਿਤੁ ਮੁਖਿ ਤੁਧੁ ਸਾਲਾਹੀ॥ ਗੁਣੁ ਅਵਗੁਣੁ ਮੇਰਾ ਕਿਛੁ ਨ ਬੀਚਾਰਿਆ ਬਖਸਿ ਲੀਆ ਖਿਨ ਮਾਹੀ॥ ਨਉ ਨਿਧਿ ਪਾਈ ਵਜੀ ਵਾਧਾਈ ਵਾਜੇ ਅਨਹਦ ਤੂਰੇ॥ ਕਹੁ ਨਾਨਕ ਮੈ ਵਰੁ ਘਰਿ ਪਾਇਆ ਮੇਰੇ ਲਾਥੇ ਜੀ ਸਗਲ ਵਿਸੂਰੇ॥੪॥੧॥

_ਹੁਣ ਆਪਣੇ ਠਾਕੁਰ ਅੱਗੇ ਸ਼ੁਕਰਗੁਜ਼ਾਰੀ ਦੀ ਅਰਦਾਸ ਕਰਦੇ ਹਨ:ਖ਼ (ਹੇ ਠਾਕੁਰ ਜੀ! ਮੇਰੇ ਮਨ ਵਿਚ ਫੁਰੀਆਂ) ਆਸਾਂ (ਅਤੇ ਮਨ ਦੀਆਂ ਚਾਹੀਆਂ) ਇੱਛਾਂ ਪੂਰੀਆਂ ਹੋ ਗਈਆਂ ਹੈਨ। ਹੇ ਜੀਓ ਜੀ! ਮੈਂ ਤਾਂ ਗੁਣ ਹੀਨ ਸਾਂ, (ਇਹ) ਸਾਰੇ ਗੁਣ ਤੇਰੇ (ਲਾਏ ਮੈਨੂੰ ਆ ਲੱਗੇ ਹਨ। ਹਾਂ) ਮੇਰੇ ਠਾਕੁਰ! ਸਾਰੇ ਹੀ ਗੁਣ ਤੇਰੇ ਹਨ, ਮੈਂ ਕਿਸ ਮੂੰਹ ਨਾਲ ਤੈਨੂੰ ਸਲਾਹਾਂ, (ਤੁਸਾਂ) ਮੇਰਾ ਗੁਣ ਕਿ ਅਵਗੁਣ ਕੁਛ ਨਹੀਂ ਵਿਚਾਰਿਆ, (ਮੈਨੂੰ ਇਕ) ਖਿਨ ਵਿਚ ਬਖ਼ਸ਼ ਲੀਤਾ ਹੈ। (ਇਸ ਬਖ਼ਸ਼ਿਸ਼ ਨਾਲ) ਮੈਂ ਨਉਨਿਧੀ ਪਾ ਲਈ ਹੈ, (ਨਉਨਿਧੀ ਪਾਉਣ ਨਾਲ) ਵਧਾਈ ਮਿਲ ਰਹੀ ਹੈ ਤੇ ਅਨਹਤ ਵਾਜੇ ਵਜ ਰਹੇ ਹਨ। ਕਹਿੰਦੇ ਹਨ ਗੁਰੂ ਨਾਨਕ ਦੇਵ (ਮੈਂ ਆਪਣੇ) ਘਰ ਵਿਚੋਂ (=ਮਨ ਵਿਚੋਂ ਹੀ) ਵਰ ਪਾ ਲਿਆ ਹੈ, ਹੇ ਜੀਓ! (ਹੁਣ) ਮੇਰੇ ਸਾਰੇ ਝੋਰੇ ਦੂਰ ਹੋ ਗਏ ਹਨ॥੪॥੧॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2021-22-23
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਸਾਕਾ ਨਨਕਾਣਾ ਸਾਹਿਬ ਦੀ ਸ਼ਤਾਬਦੀ ਤੇ ਡਾ. ਮਹਿੰਦਰ ਸਿੰਘ ਵੱਲੋਂ ਲੈਕਚਰ


ਡਾ. ਮਹਿੰਦਰ ਸਿੰਘ


ਪ੍ਰੋ. ਮਨਜੀਤ ਸਿੰਘ


ਡਾ. ਰਵੇਲ ਸਿੰਘ

ਨਵੀਂ ਦਿੱਲੀ, 26 ਫਰਵਰੀ 2021: ਨੈਸ਼ਨਲ ਇੰਸਟੀਟਿਊਟ ਆਫ਼ ਪੰਜਾਬ ਸਟਡੀਜ਼, ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਮਹੀਨਾਵਾਰ ਲੈਕਚਰ ਲੜੀ ਦੇ ਤਹਿਤ ਇਸ ਵਾਰ ਸਾਕਾ ਨਨਕਾਣਾ ਸਾਹਿਬ ਦੀ ਸ਼ਤਾਬਦੀ ਤੇ ਉੱਘੇ ਇਤਿਹਾਸ ਚਿੰਤਕ ਅਤੇ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਵੱਲੋਂ ਲੈਕਚਰ ਦਿੱਤਾ ਗਿਆ। ਇਸਦੀ ਪ੍ਰਧਾਨਗੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਉੱਘੇ ਸਿੱਖ ਚਿੰਤਕ ਪ੍ਰੋ. ਮਨਜੀਤ ਸਿੰਘ ਨੇ ਕੀਤੀ। ਡਾ. ਰਵੇਲ ਸਿੰਘ ਇਸ ਪ੍ਰੋਗਰਾਮ ਦੇ ਕਨਵੀਨਰ ਸਨ।

ਪ੍ਰੋਗਰਾਮ ਦਾ ਆਰੰਭ ਕਰਦਿਆਂ ਡਾ. ਰਵੇਲ ਸਿੰਘ ਨੇ ਸਭ ਨੂੰ ਜੀਓ-ਆਇਆਂ ਕਹਿੰਦਿਆਂ ਪ੍ਰਮੁੱਖ ਵਕਤਾ ਡਾ. ਮਹਿੰਦਰ ਸਿੰਘ ਬਾਰੇ ਦਸਦਿਆਂ ਕਿਹਾ ਕਿ ਸਿੱਖ ਇਤਿਹਾਸ ਨੂੰ ਉਹਨਾਂ ਦੀ ਪ੍ਰਮੁੱਖ ਦੇਣ ਅਕਾਲੀ ਲਹਿਰ ਬਾਰੇ ਕੀਤਾ ਖੋਜ ਕਾਰਜ ਹੈ ਜੋ **ਅਕਾਲੀ ਲਹਿਰ** ਪੁਸਤਕ ਦੇ ਰੂਪ ’ਚ ਪ੍ਰਕਾਸ਼ਿਤ ਹੋਇਆ। ਸਮੇਂ-ਸਮੇਂ ਸਿੱਖ ਇਤਿਹਾਸ ਨਾਲ ਸੰਬੰਧਤ ਅਨੇਕਾਂ ਪੁਸਤਕਾਂ ਦੀ ਰਚਨਾ ਕਰਨ ਤੋਂ ਇਲਾਵਾ ਦਿੱਲੀ ਦੀ ਪ੍ਰਮੁੱਖ ਪੰਜਾਬੀ ਸੰਸਥਾ ‘ਭਾਈ ਵੀਰ ਸਿੰਘ ਸਾਹਿਤ ਸਦਨ’ ਨੂੰ ਇਕ ਕੌਮਾਂਤਰੀ ਪੱਧਰ ਦੀ ਸੰਸਥਾ ਦਾ ਰੂਪ ਦੇਣ ’ਚ ਵੀ ਉਹਨਾਂ ਦਾ ਪ੍ਰਮੁੱਖ ਯੋਗਦਾਨ ਹੈ।

ਉਪਰੰਤ ਡਾ. ਮਹਿੰਦਰ ਸਿੰਘ ਨੇ ਪਾਵਰ ਪੁਆਇੰਟ ਪੇਸ਼ਕਾਰੀ ਰਾਹੀਂ ਆਪਣੇ ਲੈਕਚਰ ਦੀ ਆਰੰਭਤਾ ਕਰਦਿਆਂ ਸਾਕਾ ਨਨਕਾਣਾ ਸਾਹਿਬ ਬਾਰੇ ਸਵਿਸਤਾਰ ਚਾਨਣਾ ਪਾਇਆ। ਉਹਨਾਂ ਅਨੁਸਾਰ 20 ਫਰਵਰੀ ਨੂੰ ਵਾਪਰਿਆ ਸਾਕਾ ਨਨਕਾਣਾ ਸਾਹਿਬ ਇਤਿਹਾਸ ਦੀ ਅੱਤ ਦੁਖਦਾਇਕ ਤ੍ਰਾਸਦਿਕ ਘਟਨਾ ਸੀ ਜਿਸ ਵਿਚ ਭਾਈ ਲਛਮਣ ਸਿੰਘ ਦੀ ਅਗਵਾਈ ’ਚ 130 ਤੋਂ ਉੱਪਰ ਸਿਖ ਸੰਗਤਾਂ ਦੀ ਸ਼ਾਂਤਮਈ ਰਹਿਕੇ ਦਿੱਤੀ ਕੁਰਬਾਨੀ ਸ਼ਾਮਲ ਹੈ। ਸਾਕੇ ਤੋਂ ਬਾਅਦ ਸਿੱਖ ਸੰਗਤਾਂ ਦਾ ਵੱਡਾ ਇਕੱਠ ਉਥੇ ਕਾਇਮ ਹੋਇਆ ਜਿਸ ਤੋਂ ਘਬਰਾ ਕੇ ਅੰਗ੍ਰੇਜ਼ ਸਰਕਾਰ ਨੇ ਮਹੰਤ ਨਾਰਾਇਣ ਦਾਸ ਤੇ ਉਸਦੇ ਜ਼ਾਲਮ ਸਾਥੀਆਂ ਨੂੰ ਗ੍ਰਿਫਤਾਰ ਕਰਕੇ ਲਾਹੌਰ ਜੇਲ ਭੇਜ ਦਿੱਤਾ ਅਤੇ ਯਾਦਗਾਰੀ ਅਸਥਾਨ ਸਿੱਖ ਸੰਗਤਾਂ ਹਵਾਲੇ ਕਰ ਦਿੱਤਾ। ਸਾਕੇ ਨਾਲ ਸੰਬੰਧਤ ਕੁਝ ਦੁਰਲਭ ਵਰਤਾਵਿਆਂ ਨੂੰ ਵੀ ਡਾ. ਸਾਹਿਬ ਨੇ ਸਾਂਝਿਆ ਕੀਤਾ ਜਿਵੇਂ ਭਾਈ ਲਛਮਣ ਸਿੰਘ ਦੇ ਨਾਲ ਭਾਈ ਮੰਗਲ ਸਿੰਘ ਕਿਰਪਾਨ ਬਹਾਦਰ ਦੀ ਸ਼ਾਹਦਤ, ਸਾਕੇ ਤੋਂ ਬਾਅਦ ਭਾਈ ਕਰਤਾਰ ਸਿੰਘ ਝੱਬਰ ਦਾ 2200 ਜੁਝਾਰੂ ਜਵਾਨਾਂ ਨਾਲ ਉੱਥੇ ਪੁੱਜਣਾ ਤੇ ਅੰਗ੍ਰੇਜ਼ਾਂ ਵਲੋਂ ਦਿੱਤੀ ਚਿਤਾਵਨੀ ਦੀ ਪ੍ਰਵਾਹ ਨਾ ਕਰਨਾ, ਸ਼ਹੀਦੀ ਸਸਕਾਰ ਮੌਕੇ ਇਕ ਮਾਈ ਤੇ ਇਕ ਭੈਣ ਦੇ ਜਜ਼ਬਾਤਾਂ ਦਾ ਬਿਆਨ, ਵੱਡਾ ਇਕੱਠ ਤੇ ਸਸਕਾਰ ਤੋਂ ਬਾਅਦ ਉੱਘੇ ਨੇਤਾਵਾਂ ’ਚੋਂ ਮਹਾਤਮਾ ਗਾਂਧੀ ਦਾ ਉੱਥੇ ਪੁੱਜਣਾ ਅਤੇ ਇਸ ਦੇ ਫਲਸਰੂਪ ਸਿੱਖਾਂ ਦਾ ਆਜ਼ਾਦੀ ਦੇ ਅੰਦੋਲਨ ਵਿਚ ਭਰਪੂਰ ਯੋਗਦਾਨ ਦੇਣਾ ਆਦਿ। ਕੁੱਲ ਮਿਲਾ ਕੇ ਸਾਕਾ ਨਨਕਾਣਾ ਸਾਹਿਬ ਅਤੇ ਉਸ ਵੇਲੇ ਪੰਥ ’ਚ ਵਾਪਰੇ ਕੁਝ ਹੋਰ ਸਾਕਿਆਂ ਦਾ ਜ਼ਿਕਰ ਤੇ ਤਸਵੀਰਾਂ ਸੰਗ ਭਾਵਪੂਰਨ ਪੇਸ਼ਕਾਰੀ ਕਰਦਿਆਂ ਡਾ. ਸਾਹਿਬ ਨੇ ਵੰਡ ਵੇਲੇ ਨਨਕਾਣੇ ਸਾਹਿਬ ਦੇ ਪੰਥ ਤੋਂ ਵਿਛੜਨ ਤੋਂ ਇਲਾਵਾ ਇਸ ਸ਼ਤਾਬਦੀ ਮੌਕੇ ਸਰਕਾਰ ਵਲੋਂ ਜਥੇ ਨੂੰ ਉੱਥੇ ਜਾਣ ਦੀ ਮੰਜ਼ੂਰੀ ਨਾ ਦੇਣ ਦਾ ਦੁੱਖ ਵੀ ਸਰੋਤਿਆਂ ਨਾਲ ਸਾਂਝਾ ਕੀਤਾ। ਆਪਣੇ ਪ੍ਰਧਾਨਗੀ ਭਾਸ਼ਣ ’ਚ ਪ੍ਰੋ. ਮਨਜੀਤ ਸਿੰਘ ਨੇ ਸਾਕਾ ਨਨਕਾਣਾ ਸਾਹਿਬ ’ਤੇ ਡਾ. ਮਹਿੰਦਰ ਸਿੰਘ ਵੱਲੋਂ ਦਿੱਤੇ ਜਾਣਕਾਰੀ ਭਰਪੂਰ ਭਾਵਪੂਰਤ ਭਾਸ਼ਣ ਦੀ ਪ੍ਰਸੰਸਾ ਕਰਦਿਆਂ ਸਿੱਖ ਸੰਗਤਾਂ ਨੂੰ ਉਸ ਸੁਰਤ ਨਾਲ ਜੁੜਨ ਦੀ ਤਾਕੀਦ ਕੀਤੀ ਜਿਸਦਾ ਜ਼ਿਕਰ ਅਸੀਂ ਰੋਜ਼ ਅਰਦਾਸ ’ਚ ‘ਸ਼ਹੀਦਾਂ ਦੀ ਕਮਾਈ ਦਾ ਧਿਆਨ ਧਰਨ’ ਦੇ ਰੂਪ ’ਚ ਕਰਦੇ ਹਾਂ। ਪ੍ਰੋ. ਮਨਜੀਤ ਸਿੰਘ ਅਨੁਸਾਰ ਅੱਜ ਜਦਕਿ ਗੁਰਦੁਆਰਾ ਪ੍ਰਬੰਧ ਨਾਲ ਸੰਬੰਧਤ ਹਾਲਾਤ ਬਹੁਤ ਸਾਜ਼ਗਾਰ ਨਹੀਂ, ਤਾਂ ਲੋੜ ਹੈ ਅਸੀਂ ਫਿਰ ਤੋਂ ਸ਼ਹੀਦ ਸਿੰਘਾਂ ਦੀ ਕਮਾਈ ਨੂੰ ਚਿਤਵੀਏ ਤਾਂ ਜੋ ਪੰਥ ਕਿਸੇ ਤਰ੍ਹਾਂ ਲੀਹ ਤੇ ਆ ਸਕੇ। ਅਖੀਰ ’ਚ ਡਾ. ਰਵੇਲ ਸਿੰਘ ਨੇ ਇਸ ਆਨਲਾਈਨ ਚਰਚਾ ’ਚ ਹਾਜ਼ਰ ਸਭ ਵਕਤਿਆਂ ਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ।

❖ ❖ ❖ ❖